A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 288 Website : www.punjabiakhbaar.ca Email: editor@punjabiakhbaar.ca Friday, 27 March 2026

# ਏਅਰ ਇੰਡੀਆ ਦਾ ਨਵਾਂ ਕਾਰਨਾਮਾ, ਗ਼ਲਤ ਜਹਾਜ ਕਨੇਡਾ ਵੱਲ ਰਵਾਨਾ ਕੀਤਾ




ਨਵੀਂ ਦਿੱਲੀ(ਪੰਜਾਬੀ ਅਖ਼ਬਾਰ ਬਿਊਰੋ) ਇੰਡੀਆ ਦੀ ਮਾਣਮੱਤੀ ਹਵਾਈ ਸਫਰ ਵਾਲੀ ਕੰਪਨੀ ਏਅਰ ਇੰਡੀਆ ਵੈਸੇ ਤਾਂ ਆਮ ਹੀ ਹਰ ਰੋਜ ਹੀ ਖ਼ਬਰਾਂ ਦਾ ਹਿੱਸਾ ਬਣਦੀ ਰਹਿੰਦੀ ਹੈ ਕਿ ਫਲਾਣੀ ਫਲਾਈਟ ਇੰਨੇ ਘੰਟੇ ਲੇਟ ਹੋ ਗਈ ਜਾਂ ਤਕਨੀਕੀ ਖਰਾਬੀ ਕਾਰਣ ਐਮਰਜੈਂਸੀ ਲੈਂਡਿੰਗ ਕਰਨੀ ਪਈ ਪਰ ਬੀਤੇ ਦਿਨੀ ਏਅਰ ਇੰਡੀਆਂ ਨੇ ਜੋ ਖ਼ਬਰੀ ਸੁਰਖੀਆਂ ਨੂੰ ਜਨਮ ਦਿੱਤਾ ਉਹ ਇਸ ਦੇ ਪਰਬੰਧਕੀ ਢਾਂਚੇ ਦੀਆਂ ਨਕਾਮੀਆਂ ਨੂੰ ਜੱਗ ਜਾਹਿਰ ਕਰ ਗਿਆ ਕਿ ਜੋ ਜਹਾਜ ਕੈਨੇਡਾ ਦੇ ਵੈਨਕੋਵਰ ਏਅਰਪੋਰਟ ਉੱਪਰ ਨਹੀਂ ਉੱਤਰ ਸਕਦਾ ਉਸੇ ਜਹਾਜ ਨੂੰ ਹੀ ਕੈਨੇਡਾ ਵੱਲ ਉਡਾ ਦਿੱਤਾ ਗਿਆ। ਇੱਕ ਨਹੀਂ! ਦੋ ਨਹੀਂ ! ਪੂਰੇ ਚਾਰ ਘੰਟੇ ਬਾਦ ਜਦੋਂ ਪਰਬੰਧਕੀ ਢਾਂਚਾ ਇੰਡੀਅਨ ਬਾਬੂਸਾਹੀ ਵਾਲੀ ਨੀਂਦ ਵਿੱਚੋਂ ਬਾਹਰ ਆਇਆ ਤਾਂ ਉਸੇ ਵਕਤ ਜਹਾਜ ਦੇ ਪਾਇਲਟ ਨੂੰ ਸੁਨੇਹਾ ਭੇਜਿਆ ਗਿਆ ਕਿ ਜਹਾਜ ਨੂੰ ਵਾਪਿਸ ਨਵੀਂ ਦਿੱਲੀ ਏਅਰਪੋਰਟ ਵਾਪਿਸ ਲੈ ਆਵੋ। ਇਸ ਲਈ ਖ਼ਬਰਾਂ ਦੀ ਦੁਨੀਆ ਵਿੱਚ ਇਹ ਖ਼ਬਰ ਬਣ ਗਈ ਕਿ ਏਅਰ ਇੰਡੀਆ ਦੀ ਇੱਕ ਫਲਾਈਟ ਵਿੱਚ ਸਵਾਰ ਸੈਂਕੜੇ ਮੁਸਾਫਰਾਂ ਨੂੰ ਉਸ ਸਮੇਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਜਦੋਂ ਦਿੱਲੀ ਤੋਂ ਕੈਨੇਡਾ ਦੇ ਵੈਨਕੂਵਰ ਜਾ ਰਿਹਾ ਜਹਾਜ਼ ਅੱਧ ਵਿਚਕਾਰੋਂ ਹੀ ਵਾਪਸ ਮੋੜ ਲਿਆ ਗਿਆ। ਇਹ ਜਹਾਜ਼ ਲਗਭਗ 7-8 ਘੰਟੇ ਹਵਾ ਵਿੱਚ ਰਹਿਣ ਤੋਂ ਬਾਅਦ ਵਾਪਸ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਉਤਾਰਿਆ ਗਿਆ।ਜਾਣਕਾਰੀ ਮੁਤਾਬਕ ਫਲਾਈਟ AI 185 ਨੇ ਦਿੱਲੀ ਤੋਂ ਉਡਾਣ ਭਰੀ ਸੀ। ਜਦੋਂ ਇਹ ਜਹਾਜ਼ ਚੀਨੀ ਹਵਾਈ ਖੇਤਰ (ਕੁੰਮਿੰਗ ਦੇ ਨੇੜੇ) ਵਿੱਚ ਪਹੁੰਚਿਆ, ਤਾਂ ਏਅਰਲਾਈਨ ਨੂੰ ਆਪਣੀ ਇੱਕ ਵੱਡੀ ਗਲਤੀ ਦਾ ਅਹਿਸਾਸ ਹੋਇਆ। ਹਾਲਾਂਕਿ ਸ਼ੁਰੂਆਤ ਵਿੱਚ ਇਸ ਨੂੰ “ਤਕਨੀਕੀ ਖਰਾਬੀ” ਦੱਸਿਆ ਜਾ ਰਿਹਾ ਸੀ, ਪਰ ਬਾਅਦ ਵਿੱਚ ਸਾਹਮਣੇ ਆਇਆ ਕਿ ਇਹ ਇੱਕ ਪ੍ਰਸ਼ਾਸਨਿਕ ਗ਼ਲਤੀ ਸੀ ਕਿ ਏਅਰ ਇੰਡੀਆ ਨੇ ਵੈਨਕੂਵਰ ਰੂਟ ਲਈ Boieng 777-200LR ਜਹਾਜ਼ ਭੇਜ ਦਿੱਤਾ ਸੀ, ਜਦਕਿ ਕੈਨੇਡਾ ਜਾਣ ਲਈ ਸਿਰਫ Boieng 777-300ER ਮਾਡਲ ਨੂੰ ਹੀ ਉੱਥੇ ਉਤਰਨ ਦੀ ਇਜਾਜ਼ਤ (Clearance) ਸੀ। ਜਦੋਂ ਜਹਾਜ਼ ਚੀਨ ਦੇ ਉੱਪਰ ਸੀ, ਉਦੋਂ ਪਤਾ ਲੱਗਿਆ ਕਿ ਇਸ ਖਾਸ ਜਹਾਜ਼ ਕੋਲ ਕੈਨੇਡਾ ਵਿੱਚ ਦਾਖਲ ਹੋਣ ਦੇ ਜ਼ਰੂਰੀ ਦਸਤਾਵੇਜ਼ ਜਾਂ ਮਨਜ਼ੂਰੀ ਨਹੀਂ ਹੈ। ਕੈਨੇਡਾ ਵਿੱਚ ਐਂਟਰੀ ਨਾ ਮਿਲਣ ਦੇ ਡਰੋਂ, ਏਅਰਲਾਈਨ ਨੇ ਜਹਾਜ਼ ਨੂੰ ਤੁਰੰਤ ਦਿੱਲੀ ਵਾਪਸ ਬੁਲਾਉਣ ਦਾ ਫੈਸਲਾ ਕੀਤਾ। ਉਪਰੋਕਤ ਜਹਾਜ ਵਿੱਚ ਸਫਰ ਕਰ ਰਹੇ ਮੁਸਾਫਰਾਂ ਲਈ ਇਹ ਸਫ਼ਰ “ਕਿਤੇ ਨਾ ਪਹੁੰਚਣ ਵਾਲੀ ਫਲਾਈਟ” (Filght to nowhere) ਬਣ ਗਿਆ। ਲਗਭਗ 8 ਘੰਟੇ ਹਵਾ ਵਿੱਚ ਬਿਤਾਉਣ ਤੋਂ ਬਾਅਦ ਉਹ ਵਾਪਸ ਉੱਥੇ ਹੀ ਪਹੁੰਚ ਗਏ ਜਿੱਥੋਂ ਚੱਲੇ ਸਨ। ਏਅਰ ਇੰਡੀਆ ਨੇ ਮੁਸਾਫਰਾਂ ਦੀ ਹੋਈ ਖੱਜਲ-ਖੁਆਰੀ ਲਈ ਮੁਆਫੀ ਮੰਗੀ ਹੈ।ਪ੍ਰਭਾਵਿਤ ਯਾਤਰੀਆਂ ਲਈ ਦਿੱਲੀ ਵਿੱਚ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ। ਅਗਲੇ ਦਿਨ ਸਵੇਰੇ ਦੂਜੇ ਜਹਾਜ਼ ਰਾਹੀਂ ਮੁਸਾਫਰਾਂ ਨੂੰ ਵੈਨਕੂਵਰ ਲਈ ਰਵਾਨਾ ਕੀਤਾ ਗਿਆ।

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE,
Calgary AB - T2E 6R7
Affinity CABINETS
• Closets
• Wet Bars
• Book Shelving
• Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ
ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE
Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016




ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ

ਨਵਾਂ ਫੇਸ
ਹੁਣ ਵੇਚ ਰਹੇ ਹਾਂ !

Starting from the high $500s

ਰਜਿਸਟਰ
ਕਰਨ ਲਈ
ਹੁਣੇ **ਸਕੈਨ** ਕਰੋ !

liveinharmony.ca


ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000



The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 12 No: 288 Website : www.punjabiakhbaar.ca Email: editor@punjabiakhbaar.ca Friday, 27 March 2026


## ਏਅਰ ਕੈਨੇਡਾ ਦੇ ਦੋ ਪਾਇਲਟਾਂ ਦੀ ਨਿਊਯਾਰਕ ਹਵਾਈ ਅੱਡੇ 'ਤੇ ਫਾਇਰ ਟਰੱਕ ਨਾਲ ਟਕਰਾਉਣ ਕਾਰਨ ਮੌਤ ਹੋਈ

ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ)ਬੀਤੇ ਐਂਤਵਾਰ ਦੀ ਰਾਤ ਨਿਊਯਾਰਕ ਦੇ ਲਾਗੁਆਰਡੀਆ ਹਵਾਈ ਅੱਡੇ 'ਤੇ ਰਨਵੇਅ 'ਤੇ ਫਾਇਰ ਟਰੱਕ ਨਾਲ ਟਕਰਾਉਣ ਉਪਰੰਤ ਫਲਾਈਟ AC8646 ਦੇ ਪਾਇਲਟ ਅਤੇ ਸਹਿ-ਪਾਇਲਟ ਦੀ ਦੁਰਘਟਨਾ ਵਿੱਚ ਮੌਤ ਹੋ ਗਈ। ਹਾਦਸੇ ਉਪਰੰਤ ਕਾਰਨ 41 ਲੋਕਾਂ ਨੂੰ ਹਸਪਤਾਲ ਭੇਜਿਆ ਗਿਆ ਅਤੇ ਹੋਰ ਜ਼ਖਮੀ ਹੋਏ ਮੁਸਾਫਿਰਾਂ ਦਾ ਮੌਕੇ 'ਤੇ ਇਲਾਜ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਜਦੋਂ ਏਅਰ ਕੈਨੇਡਾ ਐਕਸਪ੍ਰੈਸ ਕੈਰੀਅਰ ਜੈਜ਼ ਏਵੀਏਸ਼ਨ ਦੁਆਰਾ ਸੰਚਾਲਿਤ ਜਹਾਜ਼




ਮਾਂਟਰੀਅਲ ਟਰੂਡੋ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਆਪਣੀ ਯਾਤਰਾ ਤੋਂ ਬਾਅਦ ਹੇਠਾਂ ਉਤਰਿਆ। ਫਲਾਈਟ AC8646 ਨੂੰ ਏਅਰ ਪੋਰਟ ਅਥਾਰਿਟੀ ਵੱਲੋਂ ਰਨਵੇਅ ਉੱਪਰ ਲੈਂਡ ਕਰਨ ਦਾ ਸਿਗਨਲ ਦਿੱਤਾ ਗਿਆ ਪਰ ਉਸੇ ਵਕਤ ਹੀ ਕਿਸੇ ਹੋਰ ਜਹਾਜ ਵਿੱਚ ਐਮਰਜੈਂਸੀ ਕਾਲ ਹੋਣ ਕਾਰਣ ਇੱਕ ਫਾਇਰ ਟਰੱਕ ਨੂੰ ਵੀ ਉਸੇ ਰਨਵੇਅ ਉੱਪਰ ਜਾਣ ਦਾ ਇਸ਼ਾਰਾ ਵੀ ਹੋ ਗਿਆ ਜਿਸ ਕਾਰਣ ਇਸ ਜਹਾਜ ਅਤੇ ਫਾਇਰ ਟਰੱਕ ਦਾ ਆਪਸ ਵਿੱਚ ਟਕਰਾਅ ਹੋ ਗਿਆ।

" ਇੱਕ ਫਰਾਂਸੀਸੀ ਨਾਗਰਿਕ ਅਤੇ ਅਕਸਰ ਉਡਾਣ ਭਰਨ ਵਾਲੇ ਲੇਲੀਵਰ ਨੇ ਪ੍ਰੈਸ ਨੂੰ ਦੱਸਿਆ।"ਜਿਵੇਂ ਹੀ ਜਹਾਜ਼ ਹੇਠਾਂ ਉਤਰਿਆ, ਪਾਇਲਟ ਨੇ ਬਹੁਤ ਜ਼ੋਰ ਨਾਲ ਬ੍ਰੇਕ ਲਗਾਈ। "ਮੈਨੂੰ ਹਾਲਾਤ ਨਹੀਂ ਪਤਾ, ਪਰ ਮੈਨੂੰ ਲੱਗਦਾ ਹੈ ਕਿ ਉਸਨੇ ਸਾਡੀਆਂ ਜਾਨਾਂ ਬਚਾਈਆਂ ਕਿਉਂਕਿ ਉਸ ਕੋਲ ਅਵਿਸ਼ਵਾਸ਼ਯੋਗ ਪ੍ਰਤੀਬਿੰਬ ਹੋਣੇ ਚਾਹੀਦੇ ਹਨ।" ਲੇਲੀਵਰ ਨੇ ਕਿਹਾ ਕਿ ਯਾਤਰੀ ਐਮਰਜੈਂਸੀ ਐਗਜ਼ਿਟ ਦਰਵਾਜ਼ਿਆਂ ਰਾਹੀਂ ਅਤੇ ਖੰਭਾਂ ਤੋਂ ਜ਼ਮੀਨ 'ਤੇ ਛਾਲ ਮਾਰਦੇ ਹੋਏ ਭੱਜ ਗਏ। ਸਾਰਿਆਂ ਨੇ ਇੱਕ ਦੂਜੇ ਨੂੰ ਬਾਹਰ ਨਿਕਲਣ ਵਿੱਚ ਮੱਦਦ ਕੀਤੀ। ਉਸਨੇ ਕਿਹਾ ਕਿ ਉਸਦੇ ਸਿਰ ਅਤੇ ਗੋਡੇ 'ਤੇ ਸੱਟਾਂ ਸਨ ਜਿਨ੍ਹਾਂ ਦਾ ਟਾਰਮੈਕ 'ਤੇ ਇਲਾਜ ਕੀਤਾ ਗਿਆ। ਲੇਲੀਵਰ ਨੇ ਕਿਹਾ ਕਿ ਉਸਨੇ ਯਾਤਰੀਆਂ ਨੂੰ ਖੂਨ ਵਗਦਾ ਦੇਖਿਆ, ਕੁੱਝ ਦੇ ਸਿਰ ਵਿੱਚ ਸੱਟਾਂ ਸਨ। ਦੋ ਹਸਪਤਾਲਾਂ ਵਿੱਚ ਲਿਜਾਏ ਗਏ 41 ਲੋਕਾਂ ਵਿੱਚੋਂ ਨੌਂ ਅਜੇ ਵੀ ਦੇਖਭਾਲ ਵਿੱਚ ਹਨ, ਜਿਨ੍ਹਾਂ ਵਿੱਚੋਂ ਕੁੱਝ ਦੀ ਹਾਲਤ ਗੰਭੀਰ ਹੈ। ਇੱਕ ਬਿਆਨ ਵਿੱਚ, ਏਅਰ ਕੈਨੇਡਾ ਨੇ ਕਿਹਾ ਕਿ ਜਾਂਚ ਵਿੱਚ ਸਹਾਇਤਾ ਲਈ ਇਸਦੇ ਅਧਿਕਾਰੀ ਲਾਗੁਆਰਡੀਆ ਜਾ ਰਹੇ ਹਨ, ਉਨ੍ਹਾਂ ਅੱਗੇ ਕਿਹਾ, "ਅਸੀਂ ਦੋ ਪਾਇਲਟ ਕਰਮਚਾਰੀਆਂ ਦੇ ਮਾਰੇ ਜਾਣ ਤੋਂ ਬਹੁਤ ਦੁਖੀ ਹਾਂ, ਅਤੇ ਸਾਡੀ ਡੂੰਘੀ ਸੰਵੇਦਨਾ ਪੂਰੇ ਪਾਇਲਟ ਭਾਈਚਾਰੇ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹੈ।"

























# ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਦੀ 'ਅੰਤਰ-ਰਾਸ਼ਟਰੀ ਔਰਤ ਦਿਵਸ' ਨੂੰ ਸਮਰਪਿਤ ਭਾਵਪੂਰਤ ਇੱਕਤਰਤਾ ਹੋਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਦੀ ਮਾਰਚ ਮਹੀਨੇ ਦੀ ਇਕੱਤਰਤਾ ਜੈਨੇਸਿਜ਼ ਸੈਂਟਰ ਵਿਚ, ਉਪ-ਪ੍ਰਧਾਨ ਗੁਰਦੀਸ਼ ਗਰੇਵਾਲ ਅਤੇ ਸਭਾ ਦੇ ਸੀਨੀਅਰ ਮੈਂਬਰ ਜੁਗਿੰਦਰ ਪੁਰਬਾ ਦੀ ਪ੍ਰਧਾਨਗੀ ਹੇਠ ਸੰਪਨ ਹੋਈ। ਕੋਆਰਡੀਨੇਟਰ ਗੁਰਚਰਨ ਥਿੰਦ ਨੇ ਅੱਠ ਮਾਰਚ ਨੂੰ ਲੰਘ ਚੁੱਕੇ 'ਅੰਤਰ-ਰਾਸ਼ਟਰੀ ਔਰਤ ਦਿਵਸ' ਬਾਰੇ ਗੱਲਬਾਤ ਕਰਦਿਆਂ ਕਿਹਾ ਕਿ 1909 ਵਿੱਚ ਪਹਿਲੀ ਵਾਰ ਨਿਊਯਾਰਕ ਵਿੱਚ ਅਮਰੀਕਾ ਦੀ ਸੋਸ਼ਲਿਸਟ ਪਾਰਟੀ ਵੱਲੋਂ ਔਰਤਾਂ ਦਾ ਇਹ ਦਿਵਸ ਐਲਾਨਿਆ ਗਿਆ ਅਤੇ ਅਗਲੇ ਸਾਲ ਹੀ ਕੋਪਨਹੈਗਨ ਵਿੱਚ ਕਮਿਊਨਿਸਟ ਐਕਟਿਵਿਸਟ ਕਲਾਰਾ ਜੈਟਕਿਨ ਵੱਲੋਂ ਇਸ ਦਿਨ ਨੂੰ 'ਕੰਮਕਾਰੀ ਔਰਤਾਂ' ਨੂੰ ਸਮਰਪਿਤ ਦਿਨ ਵੱਜੋਂ ਮਨਾਉਣ ਦਾ ਸੁਝਾਅ ਪੇਸ਼ ਹੋਇਆ। ਉਪਰੰਤ ਯੂਰਪ, ਸੋਵੀਅਤ ਯੂਨੀਅਨ ਤੇ ਹੋਰ ਦੇਸ਼ਾਂ ਸਮੇਤ ਯੂਨਾਈਟਡ ਨੇਸ਼ਨਜ਼ ਨੇ ਵੀ ਇਸ ਨੂੰ ਪ੍ਰਵਾਨਗੀ ਦੇ ਦਿੱਤੀ। ਲਗਪਗ ਸੌ ਸਾਲ ਤੋਂ ਔਰਤਾਂ ਦੀ ਸਮਾਜਿਕ, ਰਾਜਨੀਤਕ, ਆਰਥਿਕ ਤੇ ਨਿੱਜੀ ਅਜ਼ਾਦੀ ਦੇ ਹੱਕਾਂ ਲਈ ਮਨਾਏ ਜਾਣ ਤੋਂ ਬਾਦ ਵੀ ਇਸ ਦਿਹਾੜੇ ਨੂੰ ਹਰ ਸਾਲ ਚੇਤੇ ਕਰਨ ਦੀ ਲੋੜ ਪੈ ਰਹੀ ਹੈ, ਕਿਉਂਕਿ ਔਰਤਾਂ ਦੀ ਸਥਿਤੀ ਸੁਧਾਰ ਵੱਲ ਘੱਟ ਤੇ ਨਿਘਾਰ ਵੱਲ ਜ਼ਿਆਦਾ ਜਾ ਰਹੀ ਹੈ। ਇਹ ਦਿਹਾੜਾ ਵਧਾਈ ਸਾਂਝੀ ਕਰਨ ਦਾ ਨਹੀਂ ਹੈ ਬਲਕਿ ਇਸ ਦੀ ਲੋੜ ਨੂੰ ਸਮਝਣਾ ਜ਼ਰੂਰੀ ਹੈ। ਮਸਲਾ ਇਕਵੈਲੇਟੀ ਦਾ ਨਹੀਂ ਬਲਕਿ ਇਕਵਿਟੀ ਦਾ ਹੈ, ਭਾਵ ਕਿਸ ਖੇਤਰ ਵਿੱਚ, ਕਿਸ ਨੂੰ ਕਿਸ ਤਰ੍ਹਾਂ ਦੀ ਤੇ ਕਿੰਨੀ ਸਪੋਰਟ ਮੁਹੱਈਆ ਕਰਨ ਦੀ ਲੋੜ ਹੈ, ਇਸ ਨੂੰ ਤਰਜੀਹ ਦਿੱਤੀ ਜਾਵੇ। ਔਰਤ ਮਰਦ ਦੀ ਲਫ਼ਜ਼ੀ ਬਰਾਬਰੀ ਦੀ ਦੌੜ ਕਾਰਨ ਸਮਾਜਿਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਵਿੱਚ ਆਈ ਗਿਰਾਵਟ ਨੇ ਪਰਿਵਾਰਕ ਢਾਂਚੇ ਨੂੰ ਢਾਅ ਲਾਈ ਹੈ। ਘਰ ਵਿੱਚ ਮਾਂ-ਧੀ-ਭੈਣ ਦੀ ਇੱਜ਼ਤ ਤਾਂ ਸਾਰੇ ਕਰਦੇ ਹਨ, ਜਦੋਂ ਸੜਕ ਕਿਨਾਰੇ ਖੜੀ ਜਾਂ ਜਾ ਰਹੀ ਔਰਤ ਨੂੰ ਚੀਜ਼ ਨਾ ਸਮਝਕੇ ਔਰਤ ਦਾ ਸਤਿਕਾਰਤ ਦਰਜਾ ਮਿਲ ਗਿਆ ਤਾਂ ਫਿਰ ਸਾਨੂੰ ਅਜਿਹੇ ਦਿਹਾੜੇ ਮਨਾਉਣ ਦੀ ਜ਼ਰੂਰਤ ਹੀ ਨਹੀਂ ਰਹੇਗੀ। ਉਪਰੰਤ ਗੁਰਬਾਣੀ, ਗੁਰਦੀਸ਼ ਗਰੇਵਾਲ, ਬਲਜਿੰਦਰ ਕੌਰ ਧਾਲੀਵਾਲ, ਚਰਨਜੀਤ ਕੌਰ ਅਤੇ ਕਿਰਨ ਕਲਸੀ ਨੇ ਇਸ ਦਿਹਾੜੇ ਨਾਲ ਸਬੰਧਤ ਰਚਨਾਵਾਂ ਸਾਂਝੀਆਂ ਕੀਤੀਆਂ। ਸੰਤੋਸ਼ ਚੀਮਾ, ਅਮਰਜੀਤ ਸੱਗੂ ਤੇ ਕੁੱਝ ਹੋਰ ਭੈਣਾਂ ਨੇ ਵੀ ਆਪਣੇ ਢੰਗ ਨਾਲ ਹਾਜ਼ਰੀ ਲੁਆਈ।ਗੁਰਿੰਦਰ ਬਰਾੜ ਐਮ.ਐਲ.ਏ. ਕੋਲ ਸਭਾ ਦੀਆਂ ਮੈਂਬਰਾਂ ਨੇ ਕੈਲਗਰੀ ਦੇ ਨਾਰਥ ਈਸਟ ਖਿੱਤੇ ਸਬੰਧੀ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ। ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ ਤੇ ਇੱਥੇ ਲੈਟਰ ਬਾਕਸ ਦੇ ਤਾਲਿਆਂ ਦਾ ਟੁੱਟਣਾ, ਬੈਂਕ ਦੇ ਏ.ਟੀ.ਐਮ. ਤੋਂ ਬਜ਼ੁਰਗਾਂ ਨੂੰ ਚਾਕੂ ਵਿਖਾ ਪੈਸੇ ਲੈਣ ਦੀ ਘਟਨਾ, ਤੁਰੀਆਂ ਜਾਂਦੀਆਂ ਔਰਤਾਂ ਤੋਂ ਹੱਥਾਂ, ਬਾਹਵਾਂ ਵਿੱਚ ਪਾਏ ਸੋਨੇ ਨੂੰ ਹਥਿਆਉਣ ਦੀਆਂ ਘਟਨਾਵਾਂ, ਸ਼ਰੇਆਮ ਕਾਰਾਂ ਦਾ ਚੋਰੀ ਹੋਣਾ, ਅੰਦਰਲੀਆਂ ਗਲੀਆਂ ਵਿੱਚ ਬੇਤਹਾਸ਼ਾ ਤੇਜ਼ ਗੱਡੀਆਂ ਚਲਾਉਣਾ, ਘਰਾਂ ਦੇ ਗੈਰਾਜਾਂ ਵਿੱਚ ਬੈਠ ਬੇਲੋੜਾ ਖਰੂਦ ਪਾਉਣਾ ਆਦਿ ਸ਼ਾਮਿਲ ਹਨ। ਜਦੋਂ ਪੁਲਿਸ ਕੋਲ ਇਸ ਸਬੰਧੀ ਫੋਨ ਕੀਤਾ ਜਾਂਦਾ ਤਾਂ ਨਤੀਜੇ ਸੰਤੋਸ਼ ਜਨਕ ਨਹੀਂ ਹੁੰਦੇ। ਜੇਕਰ ਇਸ ਹਿੱਸੇ ਵਿੱਚ ਪੁਲਿਸ ਦੀ ਪੈਟਰੋਲਿੰਗ ਵਧਾਉਣ ਦੀ ਗੱਲ ਆਖੀ ਜਾਵੇ ਤਾਂ ਸ਼ਹਿਰ ਵਿੱਚ ਪੁਲਿਸ ਦੀ ਗਿਣਤੀ ਘੱਟ ਹੋਣ ਦੀ ਗੱਲ ਸਾਹਮਣੇ ਆ ਖਲੋਂਦੀ ਹੈ। ਸੋ ਇਸ ਤਰ੍ਹਾਂ ਮੈਂਬਰਾਂ ਵਲੋਂ ਬੜੀ ਸੰਜੀਦਗੀ ਨਾਲ ਇਸ ਹਿੱਸੇ ਦੇ ਲਾਅ ਐਂਡ ਆਰਡਰ ਦੀ ਸਥਿਤੀ ਵੱਲ ਧਿਆਨ ਦੁਆਇਆ ਗਿਆ ਅਤੇ ਇਸ ਸਬੰਧੀ ਪ੍ਰੋਵਿੰਸ ਵਲੋਂ ਲੋੜੀਂਦੇ ਕਦਮ ਉਠਾਉਣ ਦੀ ਮੰਗ ਕੀਤੀ ਗਈ। 'ਹੀਲ ਟੱਚ ਕੇਅਰ ਹੋਮ ਕੰਪਨੀ' ਵੱਲੋਂ ਖੁਸ਼ਮਨ ਕੌਰ ਸ਼ਾਮਿਲ ਹੋਏ ਅਤੇ ਵਿਸਥਾਰ ਵਿੱਚ ਇਸ ਕੰਪਨੀ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਵੱਧਦੀ ਉਮਰ ਵਿੱਚ ਸਰੀਰ ਨੂੰ ਤੰਦਰੁਸਤ ਰੱਖਣ ਲਈ ਲੋੜੀਂਦੇ ਵਿਟਾਮਨ ਦੀ ਯੋਗ ਵਰਤੋਂ ਬਾਰੇ ਸੁਚੇਤ ਕੀਤਾ।











ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store



ਸ਼ੁੱਕਰਵਾਰ, 27 ਮਾਰਚ, 2026 www.punjabiakhbaar.com

# ਪੱਤਰਕਾਰ ਤੇ ਟੀਵੀ ਜਰਨਲਿਸਟ ਮਨਦੀਪ ਖੁਰਮੀ ਹਿੰਮਤਪੁਰਾ ਸਾਊਥ ਏਸ਼ੀਅਨ ਨੈੱਟਵਰਕ ਐਵਾਰਡ ਸਮਾਰੋਹ ਦੌਰਾਨ ਸਨਮਾਨਿਤ

## ਪਿਛਲੇ 25 ਸਾਲਾਂ ਤੋਂ ਮੀਡੀਆ ਖੇਤਰ ਵਿੱਚ ਸਰਗਰਮ ਭੂਮਿਕਾ ਬਦਲੇ ਮਿਲਿਆ ਐਵਾਰਡ




ਗਲਾਸਗੋ (ਪੰਜਾਬੀ ਅਖ਼ਬਾਰ ਬਿਊਰੋ)) ਗਲਾਸਗੋ ਦੇ ਡਬਲਟਰੀ ਹਿਲਟਨ ਹੋਟਲ ਵਿਖੇ ਆਯੋਜਿਤ ਸਾਊਥ ਏਸ਼ੀਅਨ ਨੈੱਟਵਰਕ ਐਵਾਰਡ ਸਮਾਰੋਹ ਦੌਰਾਨ ਪੱਤਰਕਾਰ ਤੇ ਟੀਵੀ ਜਰਨਲਿਸਟ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਭਾਈਚਾਰੇ ਦੀ ਮੀਡੀਆ ਰਾਹੀਂ ਕੀਤੀ ਸੇਵਾ ਬਦਲੇ ਐਵਾਰਡ ਨਾਲ ਨਿਵਾਜਿਆ ਗਿਆ। ਜਿਕਰਯੋਗ ਹੈ ਕਿ ਇਸ ਸਮਾਰੋਹ ਦਾ ਹਿੱਸਾ ਬਣਨ ਤੋਂ ਪਹਿਲਾਂ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਗਈ ਤੇ ਬਾਅਦ ਵਿੱਚ ਫਾਈਨਲ ਵਿੱਚ ਪਹੁੰਚੇ ਪ੍ਰਤੀਯੋਗੀਆਂ ਲਈ ਆਨਲਾਈਨ ਵੋਟਿੰਗ ਹੋਈ। ਇਸ ਉਪਰੰਤ ਹੀ ਉਕਤ ਐਵਾਰਡ ਹਾਸਲ ਹੋਣ ਤੱਕ ਪਹੁੰਚਿਆ ਗਿਆ।

ਮੀਡੀਆ ਖੇਤਰ ਵਿੱਚ ਪਿਛਲੇ 25 ਸਾਲ ਤੋਂ ਨਿਰੰਤਰ ਸਰਗਰਮੀ ਨਾਲ ਸੇਵਾਵਾਂ ਦੇਣ ਬਦਲੇ ਸਕਾਟਲੈਂਡ ਦੇ ਇਤਿਹਾਸ ਵਿੱਚ ਹੁਣ ਤੱਕ ਦੇ ਪਹਿਲੇ ਪੰਜਾਬੀ ਅਖ਼ਬਾਰ "ਪੰਜ ਦਰਿਆ" ਦੇ ਮੁੱਖ ਸੰਪਾਦਕ ਤੇ ਟੀਵੀ ਜਰਨਲਿਸਟ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਐਵਾਰਡ ਪ੍ਰਦਾਨ ਕੀਤਾ ਗਿਆ। ਜਿਕਰਯੋਗ ਹੈ ਕਿ ਮਨਦੀਪ ਖੁਰਮੀ ਹਿੰਮਤਪੁਰਾ ਨੇ ਸੰਨ 2000 ਵਿੱਚ ਆਪਣੇ ਪੱਤਰਕਾਰੀ ਦੇ ਸਫ਼ਰ ਦੀ ਸ਼ੁਰੂਆਤ ਪੱਤਰਕਾਰੀ ਦੀ ਨਰਸਰੀ ਵੱਜੋਂ ਜਾਣੇ ਜਾਂਦੇ "ਰੋਜ਼ਾਨਾ ਨਵਾਂ ਜ਼ਮਾਨਾ" ਅਖ਼ਬਾਰ ਤੋਂ ਕੀਤੀ ਸੀ। ਇਸ ਉਪਰੰਤ ਉਹਨਾਂ ਹਲਕਾ ਨਿਹਾਲ ਸਿੰਘ ਵਾਲਾ ਤੋਂ "ਰੋਜ਼ਾਨਾ ਅਜੀਤ" ਅਤੇ ਨਿਊਜ ਟਾਈਮ ਟੀਵੀ ਚੈਨਲ ਲਈ ਬਤੌਰ ਕੈਮਰਾਮੈਨ ਸੇਵਾਵਾਂ ਦਿੱਤੀਆਂ। ਉਹ 2008 'ਚ ਬਰਤਾਨੀਆ ਆਣ ਵਸੇ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ "ਰੋਜ਼ਾਨਾ ਜਗਬਾਣੀ" ਲਈ ਸੇਵਾਵਾਂ ਦੇ ਰਹੇ ਹਨ। ਇੰਗਲੈਂਡ ਤੋਂ ਸਕਾਟਲੈਂਡ ਵਸਣ ਉਪਰੰਤ ਉਹਨਾਂ ਪੀਟੀਸੀ ਪੰਜਾਬੀ ਚੈਨਲ ਲਈ ਬਤੌਰ ਵਿਸ਼ੇਸ਼ ਸੰਵਾਦਦਾਤਾ ਸਫ਼ਰ ਸ਼ੁਰੂ ਕੀਤਾ ਤੇ ਨਾਲ ਹੀ ਸਕਾਟਲੈਂਡ ਦੇ ਹੁਣ ਤੱਕ ਦੇ ਪਹਿਲੇ ਪੰਜਾਬੀ ਅਖ਼ਬਾਰ "ਪੰਜ ਦਰਿਆ" ਦੀ ਬਤੌਰ ਮੁੱਖ ਸੰਪਾਦਕ ਵਾਗਡੋਰ ਸੰਭਾਲੀ। ਕਾਲਮਨਵੀਸ ਵੱਜੋਂ ਲਿਖਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਇਹ ਮਾਣ ਹਾਸਲ ਹੈ ਕਿ ਉਹ ਵਿਸ਼ਵ ਭਰ ਵਿੱਚ ਛਪਦੇ ਹਰ ਪੰਜਾਬੀ ਅਖ਼ਬਾਰ ਵਿੱਚ ਘੱਟੋ ਘੱਟ ਇੱਕ ਵਾਰ ਜਰੂਰ ਆਪਣੀ ਲਿਖਤ ਨਾਲ ਹਾਜ਼ਰੀ ਲਗਵਾ ਚੁੱਕੇ ਹਨ। ਮਨਦੀਪ ਖੁਰਮੀ ਹਿੰਮਤਪੁਰਾ ਦੇ ਜਨੂੰਨ ਦਾ ਪ੍ਰਤੱਖ ਪ੍ਰਮਾਣ ਉਹਨਾਂ ਦੇ ਪਿੰਡ ਹਿੰਮਤਪੁਰਾ ਦੇ ਨਾਮ 'ਤੇ ਬਣਾਈ "ਹਿੰਮਤਪੁਰਾ ਡੌਟ ਕੌਮ" ਵੈੱਬਸਾਈਟ ਸੀ, ਜਿਸਨੂੰ ਵਿਸ਼ਵ ਭਰ ਦੇ ਪੰਜਾਬੀ ਅਖ਼ਬਾਰਾਂ ਦੇ ਖਜ਼ਾਨੇ ਵੱਜੋਂ ਜਾਣਿਆ ਜਾਂਦਾ ਸੀ। ਇਸ ਨਿਸ਼ਕਾਮ ਘਾਲਣਾ ਨੂੰ ਮੱਦੇਨਜ਼ਰ ਰੱਖਦਿਆਂ ਉਹਨਾਂ ਨੂੰ ਉਕਤ ਐਵਾਰਡ ਭੇਂਟ ਕੀਤਾ ਗਿਆ। ਗੱਲਬਾਤ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ ਨੇ ਕਿਹਾ ਕਿ ਉਹ ਸਿਰਫ ਤੇ ਸਿਰਫ ਆਪਣੇ ਕਾਰਜਾਂ ਵਿੱਚ ਮਗਨ ਰਹਿੰਦੇ ਹਨ। ਕੌਣ ਕੀ ਕਹਿੰਦੈ, ਕੀ ਸਾਜਿਸ਼ਾਂ ਰਚਦੈ?, ਕੌਣ ਲੱਤਾਂ ਖਿੱਚਦੇ? ਉਹ ਅਜਿਹੀਆਂ ਨਿਗੂਣੀਆਂ ਤੇ ਸਮਾਂ-ਖਾਊ ਗੱਲਾਂ ਵੱਲ ਧਿਆਨ ਦੇਣ ਦੀ ਬਜਾਏ ਆਪਣੇ ਨਿਸ਼ਾਨੇ ਵੱਲ ਸੇਧਿਤ ਰਹਿੰਦੇ ਹਨ। ਉਹਨਾਂ ਕਿਹਾ, "ਮੇਰਾ ਮੰਨਣਾ ਹੈ ਕਿ ਮੂੰਹੋਂ ਬੋਲ ਕੇ ਕਿਸੇ ਦੀਆਂ ਗੱਲਾਂ ਦਾ ਜਵਾਬ ਦੇਣ ਦੀ ਬਜਾਏ, ਕੰਮਾਂ ਨਾਲ ਜਵਾਬ ਦੇਣਾ ਵਧੇਰੇ ਕਾਰਗਰ ਤੇ ਚਿਰ ਸਦੀਵੀ ਹੁੰਦਾ ਹੈ।"

# ਬ੍ਰਿਟਿਸ਼ ਕੋਲੰਬੀਆ ਦੇ ਫੋਰਟ ਸੇਂਟ ਜੌਨ ਵਿੱਚ ਦੋ ਗਰੁੱਪਾਂ ਦੀ ਲੜਾਈ ਦੌਰਾਨ ਪੰਜਾਬੀ ਨੌਜਵਾਨ ਗੁਰਕੀਰਤ ਸਿੰਘ ਮਨੋਚਾ ਦੀ ਮੌਤ ਹੋਈ



ਸਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਇੱਕ 25 ਸਾਲਾ ਪੰਜਾਬੀ ਨੌਜਵਾਨ ਗੁਰਕੀਰਤ ਸਿੰਘ ਮਨੋਚਾ ਦੀ ਰਾਤ ਦੇ ਸਮੇਂ ਹੋਈ ਲੜਾਈ ਵਿੱਚ ਮੌਤ ਹੋਣ ਦੀ ਖ਼ਬਰ ਹੈ। ਘਟਨਾ ਚਾਰਲੀ ਲੇਕ ਬੋਟ ਰੈਂਪ ਉੱਤੇ ਵਾਪਰੀ ਦੱਸੀ ਗਈ ਹੈ।ਆਰਸੀਐਮਪੀ ਮੁਤਾਬਕ ਇਹ ਘਟਨਾ 13 ਮਾਰਚ 2026 ਦੀ ਰਾਤ ਲਗਭਗ 11:10 ਵਜੇ ਵਾਪਰੀ। ਪੁਲਿਸ ਨੂੰ ਚਾਰਲੀ ਲੇਕ ਬੋਟ ਰੈਂਪ ਉੱਤੇ ਕਈ ਜਣਿਆਂ ਵਿਚਕਾਰ ਹੋਏ ਝਗੜੇ ਦੀ ਸੂਚਨਾ ਮਿਲੀ। ਮੌਕੇ ਉੱਤੇ ਪਹੁੰਚਦੇ ਹੀ ਪੁਲਿਸ ਨੇ ਪਤਾ ਲਗਾਇਆ ਕਿ ਗੁਰਕੀਰਤ ਸਿੰਘ ਇਸ ਝਗੜੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਚੁੱਕਾ ਹੈ। ਉਸ ਦੇ ਦੋਸਤਾਂ ਨੇ ਤੁਰੰਤ ਉਸ ਨੂੰ ਸਥਾਨਕ ਹਸਪਤਾਲ ਵਿੱਚ ਲਿਜਾਇਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗੁਰਕੀਰਤ ਸਿੰਘ ਮਨੋਚਾ ਮੂਲ ਰੂਪ ਵਿੱਚ ਭਾਰਤ ਦੇ ਮੱਧ ਪ੍ਰਦੇਸ਼ ਵਿਚਲੇ ਉਜੈਨ ਸ਼ਹਿਰ ਦਾ ਰਹਿਣ ਵਾਲਾ ਸੀ। ਉਹ ਲਗਭਗ 15 ਮਹੀਨੇ ਪਹਿਲਾਂ ਉੱਚ ਵਿੱਦਿਆ ਲਈ ਕੈਨੇਡਾ ਆਇਆ ਸੀ ਅਤੇ ਫੋਰਟ ਸੇਂਟ ਜੌਨ ਵਿਚਲੇ ਨੌਰਦਰਨ ਲਾਈਟਸ ਕਾਲਜ ਵਿੱਚ ਪੜ੍ਹਾਈ ਕਰ ਰਿਹਾ ਸੀ। ਪੁਲਿਸ ਨੇ ਮ੍ਰਿਤਕ ਦੀ ਪਛਾਣ ਜਨਤਕ ਕਰਦਿਆਂ ਦੱਸਿਆ ਕਿ ਇਸ ਨਾਲ ਹੋਰ ਗਵਾਹਾਂ ਨੂੰ ਅੱਗੇ ਆਉਣ ਲਈ ਉਤਸਾਹਿਤ ਕੀਤਾ ਜਾ ਸਕੇਗਾ ਤਾਂ ਜੋ ਘਟਨਾ ਦੀ ਪੂਰੀ ਸੱਚਾਈ ਸਾਹਮਣੇ ਆ ਸਕੇ। ਇਸ ਮਾਮਲੇ ਦੀ ਜਾਂਚ ਨਾਰਥ ਡਿਸਟ੍ਰਿਕਟ ਮੇਜਰ ਕ੍ਰਾਈਮ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਨੇ ਇਲਾਕੇ ਵਾਸੀਆਂ ਤੋਂ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਕੋਲ ਇਸ ਘਟਨਾ ਬਾਰੇ ਕੋਈ ਜਾਣਕਾਰੀ ਜਾਂ ਵੀਡੀਓ ਹੈ ਤਾਂ ਉਹ ਤੁਰੰਤ ਆਰਸੀਐਮਪੀ ਨਾਲ ਸੰਪਰਕ ਕਰਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

SUPERVISA Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com



# ਕੇਹੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ, ਨੀਂ ਅੱਜ ਤੈਂ ਮੈਨੂੰ ਮਾਰ ਪਵਾਈ ਨਣਦੇ

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਮਹਿਲਾ ਦਿਵਸ 'ਤੇ ਰੰਗਾ-ਰੰਗ ਪ੍ਰੋਗਰਾਮ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ 9 ਮਾਰਚ ਨੂੰ ਵੀਵੋ ਵਿਖੇ ਹੋਈ ਮੀਟਿੰਗ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਲੇਖੇ ਰਹੀ। ਇਸ ਦੀ ਪ੍ਰਧਾਨਗੀ ਸੁਖਵਿੰਦਰ ਕੌਰ ਸੁੱਖੀ ਅਤੇ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਸਾਬਕਾ ਵਿਭਾਗੀ ਮੁਖੀ ਡਾ: ਸੁਖਵਿੰਦਰ ਕੌਰ ਸ਼ੇਰਗਿੱਲ ਨੇ ਕੀਤੀ। ਗੁਰਮਿੰਦਰ ਕੌਰ ਨੇ ਸ਼ਬਦ ਗਾਇਨ ਕੀਤਾ । ਸੁੱਖੀ ਨੇ ਪ੍ਰਧਾਨ ਸੁਰਿੰਦਰਜੀਤ ਪਲਾਹਾ ਦਾ ਇਹ ਸੰਦੇਸ਼ ਪੜ੍ਹ ਕੇ ਸੁਣਾਇਆ - ਦੂਜਿਆਂ ਨੂੰ ਬਦਲਣ ਦੀ ਬਜਾਏ ਪਿਆਰ ਅਤੇ ਸਤਿਕਾਰ ਕਰਨ ਦੀ ਬੋਲੀ ਸਿੱਖ ਲਉ, ਫਿਰ ਵੇਖੋ ਕਿਵੇਂ ਹਰੇਕ ਤੁਹਾਡੇ ਵੱਲ ਚੁੰਬਕ ਵਾਂਗ ਖਿੱਚਿਆ ਆਉਂਦਾ ਹੈ। ਉਨ੍ਹਾਂ ਨੇ ਸਭ ਨੂੰ ਨਾਰੀ ਦਿਵਸ ਦੀ ਵਧਾਈ ਪਰੋਸੀ। ਸੁੱਖੀ ਨੇ ਇਸ ਦਿਵਸ ਨੂੰ ਮਨਾਉਣ ਦੀ ਅਹਿਮੀਅਤ ਜਤਾਈ। ਉਸ ਨੇ ਦਿਲਚਸਪ ਅੰਦਾਜ਼ ਵਿੱਚ ਮੋਨੋਐਕਟਿੰਗ ਵਰਗੀ ਆਈਟਮ ਪੇਸ਼ ਕਰ ਕੇ ਔਰਤਾਂ ਦੀ ਬਰਾਬਰੀ ਦੇ ਪੱਖ ਨੂੰ ਉਜਾਗਰ ਕੀਤਾ। ਹਰਕੰਵਲ ਕੌਰ ਧਾਲ਼ੀਵਾਲ਼ ਨੇ ਇਹ ਗੀਤ ਗਾ ਕੇ ਵਿਰਾਗਮਈ ਮਾਹੌਲ ਸਿਰਜਿਆ - ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ। ਮਨਦੀਪ ਕੌਰ ਹੁੰਦਲ ਅਤੇ ਜਸਮਿੰਦਰ ਕੌਰ ਨੇ ਇਸ ਗੀਤ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ - ਨੀਂ ਨਣਾਨੇ ਬੇਈਮਾਨੇ ਅੱਖਾਂ ਫੇਰ ਗੀ ਨਣਾਨੇ,/ ਕੇਹੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ, / ਅੱਜ ਤੈਂ ਮੈਨੂੰ ਮਾਰ ਪਵਾਈ ਨਣਦੇ। ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਕੰਮੋਹ ਦੀ ਦੰਪਤੀ ਜੋੜੀ ਨੇ - ਇਹ ਗੀਤ ਇੱਕ-ਸੁਰ ਹੋ ਕੇ ਗਾਇਆ - ਜਿਹੜੀ ਸਾਡੇ ਪਿਆਰ ਦੀ ਗੱਲ ਐ, ਜਿਸਮਾਂ ਤੋਂ ਪਾਰ ਦੀ ਗੱਲ ਐ। ਚਰਨਦੀਪ ਕੌਰ ਨੇ ਔਰਤ ਦੀ ਸਿਫ਼ਤ ਵਿਚ ਲਿਖੀਆਂ ਆਪਣੀਆਂ ਦੋ ਕਵਿਤਾਵਾਂ ਸੁਣਾਈਆਂ - ਮਾਂ, ਧੀ, ਭੈਣ ਜਾਂ ਪਤਨੀ, ਹਰ ਰੂਪ 'ਚ ਕਰੇਂ ਭਲਾਈ- ਅਤੇ - ਨੀਂ ਕੁੜੀਉ ਤੁਸੀਂ ਚਿੜੀਆਂ ਬਣਨਾ ਛੱਡੋ, ਹੁਣ ਬਾਜ ਬਣ ਜਾਉ। ਰਮਨ ਗਿੱਲ ਨੇ ਸਨਅਤੀ ਇਨਕਲਾਬ ਸਦਕਾ ਆਈ ਨਾ-ਬਰਾਬਰੀ ਬਾਰੇ ਔਰਤਾਂ ਦੀਆਂ ਸੰਘਰਸ਼ੀ ਮੁਹਿੰਮਾਂ ਦਾ ਵੇਰਵਾ ਦਿੱਤਾ। ਅਸ਼ੋਕ ਵਰਮਾ ਨੇ ਧੀ ਨੂੰ ਸੰਦੇਸ਼ ਦਿੰਦੀ ਕਵਿਤਾ ਸੁਣਾਈ, ਜਸਵੀਰ ਸਿਹੋਤਾ ਨੇ ਸੱਭਿਆਚਾਰ ਸੰਭਾਲਣ ਵਿੱਚ ਔਰਤਾਂ ਦੇ ਯੋਗਦਾਨ ਬਾਰੇ ਕਵਿਤਾ ਦਾ ਉਚਾਰਨ ਕੀਤਾ। ਅਮਰੀਕ ਸਿੰਘ ਨੇ ਔਰਤ ਦੇ ਅਨੇਕਾਂ ਰੂਪਾਂ ਨੂੰ ਪ੍ਰੀਭਾਸ਼ਤ ਕਰਦੀ ਕਵਿਤਾ ਪੇਸ਼ ਕਰ ਕੇ ਨਾਰੀ ਦਿਵਸ ਦੀ ਸ਼ੋਭਾ ਵਿੱਚ ਵਾਧਾ ਕੀਤਾ - ਮੈਂ ਇੱਜ਼ਤ ਮਾਣ ਦੀ ਭੁੱਖੀ ਹਾਂ, ਮੇਰਾ ਮਾਣ ਕਰੋ ਸਤਿਕਾਰ ਕਰੋ। ਸੁਖਪਾਲ ਕੌਰ ਬਰਾੜ ਨੇ ਆਪਣੇ ਜੀਵਨ ਦੇ ਕੁੱਝ ਪੱਖ ਸਾਂਝੇ ਕੀਤੇ। ਮਨਦੀਪ ਕੌਰ ਹੁੰਦਲ ਅਤੇ ਸੁੱਖੀ ਨੇ ਸਵਾਲ-ਜਵਾਬ ਦੇ ਰੂਪ ਵਿੱਚ ਦਿਲਚਸਪ ਆਈਟਮ ਪੇਸ਼ ਕੀਤੀ। ਸੋਹਣ ਸਿੰਘ ਭੁੱਚੋ ਨੇ ਆਪਣਾ ਲਿਖਿਆ ਇਹ ਗੀਤ ਬੁਲੰਦ ਆਵਾਜ਼ ਵਿੱਚ ਗਾ ਕੇ ਪੇਂਡੂ ਸਭਿਆਚਾਰ ਦਾ ਅਹਿਮ ਪੱਖ ਸਾਹਮਣੇ ਲਿਆਂਦਾ- ਮਿਹਨਤ ਦੇ ਬੂਟਿਆਂ ਨੂੰ ਹਮੇਸ਼ਾ ਲਗਦੇ ਮਿੱਠੇ ਫ਼ਲ ਵੇ / ਤੇਰੀ ਘਰੇ ਨੌਕਰੀ ਡੂੰਘਾ ਵਾਹ ਲੈ ਹ਼ਲ ਵੇ। ਜੰਗਪਾਲ ਖੋਸਾ ਨੇ ਦਾਨੀ ਮੈਂਬਰਾਂ ਦਾ ਧੰਨਵਾਦ ਕੀਤਾ। ਵੰਦਨਾ ਸ਼ਰਮਾ ਨੇ ਹੋਮ ਕੇਅਰ ਸਰਵਿਸ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ। ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਜਗਦੇਵ ਸਿੱਧੂ ਨੇ ਇਸ ਦਿਵਸ ਦੇ ਪਿਛੋਕੜ 'ਤੇ ਝਾਤ ਪੁਆਈ, ਨਾ਼ਲ ਹੀ ਆਦਿ ਕਾ਼ਲ ਤੋਂ ਹੁਣ ਤਕ ਔਰਤ ਨਾ਼ਲ ਹੁੰਦੀ ਆਈ ਬੇ-ਇਨਸਾਫ਼ੀ ਦੀ ਦਾਸਤਾਨ ਬਿਆਨ ਕੀਤੀ। ਅਖੀਰ ਵਿੱਚ ਸੁਖਵਿੰਦਰ ਕੌਰ ਸੁੱਖੀ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।










# ਅਪਰਾਧ ਅਤੇ ਸਿਆਸਤ ਵਿਚਕਾਰ ਖ਼ਤਰਨਾਕ ਗੱਠਜੋੜ



ਗੁਰਮੀਤ ਸਿੰਘ ਪਲਾਹੀ
9815802070

**ਧਿਆਨ ਦੇਣ ਯੋਗ ਹੈ ਕਿ ਹਰ ਸਾਲ ਏ.ਡੀ.ਆਰ. ਦੀ ਰਿਪੋਰਟ ਛਪਦੀ ਹੈ। ਇਸ ਪ੍ਰਤੀ ਚਿੰਤਾ ਵੱਡੇ ਪੱਧਰ 'ਤੇ ਦਰਸਾਈ ਜਾਂਦੀ ਹੈ, ਪਰ ਬਾਅਦ ਵਿੱਚ ਚੁੱਪੀ ਸਾਧ ਲਈ ਜਾਂਦੀ ਹੈ, ਜਿਵੇਂ ਇਹ ਇੱਕ ਸਧਾਰਣ ਜਿਹੀ ਰਿਪੋਰਟ ਹੈ। ਪਰ ਇਵੇਂ ਲੱਗਦਾ ਹੈ ਕਿ ਨਾ ਤਾਂ ਕੋਈ ਸਿਆਸੀ ਦਲ ਇਸਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਨਾ ਹੀ ਭਾਰਤੀ ਚੋਣ ਕਮਿਸ਼ਨ ਇਸ ਸੰਬੰਧੀ ਕੋਈ ਠੋਸ ਪਹਿਲ ਕਰਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਹਰ ਵਾਰ ਦਾਗ਼ੀ ਪਿਛੋਕੜ ਵਾਲੇ ਲੋਕਾਂ ਨੂੰ ਸਿਆਸੀ ਪਾਰਟੀਆਂ ਟਿਕਟ ਦੇ ਦਿੰਦੀਆਂ ਹਨ ਅਤੇ ਉਸਦੇ ਨਾਮਜ਼ਦਗੀ ਉੱਤੇ ਚੋਣ ਕਮਿਸ਼ਨ ਦੀ ਮੋਹਰ ਲੱਗ ਜਾਂਦੀ ਹੈ।**

**ਗੁਰਮੀਤ ਸਿੰਘ ਪਲਾਹੀ**

ਲੋਕਤੰਤਰ ਦੀ ਮਜ਼ਬੂਤੀ ਸਾਫ਼-ਸੁਥਰੀ ਸਿਆਸਤ 'ਤੇ ਨਿਰਭਰ ਕਰਦੀ ਹੈ, ਪਰ ਜਦੋਂ ਕਾਨੂੰਨ ਬਣਾਉਣ ਵਾਲੇ ਹੀ ਕਾਨੂੰਨ ਤੋੜਨ ਦੇ ਦੋਸ਼ਾਂ 'ਚ ਘਿਰੇ ਹੋਣ, ਤਾਂ ਇਹ ਪ੍ਰਣਾਲੀ ਲਈ ਵੱਡੀ ਚਿੰਤਾ ਬਣ ਜਾਂਦੀ ਹੈ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿੱਚ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਵੱਧਦਾ ਗੱਠਜੋੜ ਨਾ ਸਿਰਫ਼ ਨੈਤਿਕ ਪਤਨ ਦਾ ਸੰਕੇਤ ਹੈ, ਸਗੋਂ ਇਹ ਲੋਕਤੰਤਰ ਦੀ ਜੜ੍ਹ ਨੂੰ ਵੀ ਕਮਜ਼ੋਰ ਕਰ ਰਿਹਾ ਹੈ।

ਸਿਆਸੀ ਪਾਰਟੀਆਂ ਆਪਣੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਆਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਉਹਨਾਂ ਸੰਵਿਧਾਨਕ ਅਹੁਦਿਆਂ ਉੱਤੇ ਬੈਠਾ ਦਿੰਦੀਆਂ ਹਨ, ਉਹਨਾਂ ਹੱਥ ਦੇਸ਼ ਦੀ ਵਾਗਡੋਰ ਸੰਭਾਲ਼ ਦਿੰਦੀਆਂ ਹਨ, ਜਿੱਥੇ ਉਹ ਉਸ ਸੰਵਿਧਾਨਕ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੇ ਹਨ, ਜਿੱਥੇ ਨਾ ਸਿਰਫ਼ ਦੇਸ਼ ਦੇ ਅਹਿਮ ਫ਼ੈਸਲੇ ਹੀ ਲਏ ਜਾਂਦੇ ਹਨ, ਸਗੋਂ ਕਾਨੂੰਨ ਵੀ ਬਣਾਏ ਜਾਂਦੇ ਹਨ। ਸਵਾਲ ਇਹ ਉੱਠਦਾ ਹੈ ਕਿ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਇਹ ਕਾਲਾ ਅਤੇ ਖ਼ਤਰਨਾਕ ਗੱਠਜੋੜ ਕਿਉਂ ਅਤੇ ਕਿਵੇਂ ਵੱਧ-ਫੁੱਲ ਰਿਹਾ ਹੈ।

ਭਾਰਤੀ ਸਿਆਸਤ ਵਿੱਚ ਸਾਰੀਆਂ ਸਿਆਸੀ ਧਿਰਾਂ ਸਾਫ਼-ਸੁਥਰੀ ਸਿਆਸਤ ਦੇ ਪੱਖ ਵਿੱਚ ਹਨ, ਲੇਕਿਨ ਹੈਰਾਨੀ ਵਾਲੀ ਗੱਲ ਹੈ ਕਿ ਚੋਣਾਂ ਦੌਰਾਨ ਉਹਨਾਂ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ਨੂੰ ਅੱਗੇ ਲਿਆਉਣ 'ਚ ਕੋਈ ਹਿਚਕਾਹਟ ਨਹੀਂ ਵਿਖਾਈ ਜਾਂਦੀ। ਨਤੀਜਾ ਇਹ ਨਿਕਲਦਾ ਹੈ ਕਿ ਦਾਗ਼ੀ ਨੇਤਾ ਵਿਧਾਨ ਸਭਾਵਾਂ ਤੋਂ ਲੈ ਕੇ ਭਾਰਤੀ ਸੰਸਦ ਤੱਕ ਪਹੁੰਚ ਜਾਂਦੇ ਹਨ ਅਤੇ ਹੋਰ ਤਾਕਤਵਰ "ਧੱਕਾ-ਧੌਂਸ ਨੇਤਾ" ਬਣ ਜਾਂਦੇ ਹਨ।

ਦੇਸ਼ ਵਿੱਚ ਪਿਛਲੇ ਕਈ ਦਹਾਕਿਆਂ ਵਿੱਚ ਸਿਆਸਤ ਦਾ ਜਿਸ ਤਰ੍ਹਾਂ ਅਪਰਾਧੀਕਰਨ ਹੋਇਆ ਹੈ, ਉਸ ਨਾਲ ਲੋਕਤੰਤਰ ਦੇ ਉਦੇਸ਼ਾਂ ਅਤੇ ਨਿਸ਼ਾਨਿਆਂ ਨੂੰ ਗਹਿਰੀ ਸੱਟ ਲੱਗੀ ਹੈ। ਭਾਰਤੀ ਪਾਰਲੀਮੈਂਟ ਵਿੱਚ ਸਿਆਣਿਆਂ ਦੇ ਸਦਨ "ਰਾਜ ਸਭਾ" ਸੰਬੰਧੀ ਛਪੀ ਇੱਕ ਰਿਪੋਰਟ ਨਾਲ ਆਮ ਲੋਕਾਂ 'ਚ ਵੱਡੀ ਚਿੰਤਾ ਉਸ ਸਮੇਂ ਸਾਹਮਣੇ ਆਈ ਜਦੋਂ ਵੇਖਿਆ ਗਿਆ ਕਿ ਰਾਜ ਸਭਾ ਦੇ 32 ਫ਼ੀਸਦੀ ਮੌਜੂਦਾ ਮੈਂਬਰਾਂ ਉੱਤੇ ਅਪਰਾਧਿਕ ਮਾਮਲੇ ਭਾਰਤੀ ਅਦਾਲਤਾਂ ਵਿੱਚ ਲੰਬਿਤ ਹਨ। ਉਹ ਰਾਜ ਸਭਾ, ਜਿਸ ਵਿੱਚ ਮੈਂਬਰ ਹਰ ਛੇ ਸਾਲਾਂ ਬਾਅਦ ਸੂਬਿਆਂ ਦੀਆਂ ਵਿਧਾਨ ਸਭਾਵਾਂ, ਵਿਧਾਨ ਪਰਿਸ਼ਦਾਂ ਦੇ ਮੈਂਬਰਾਂ ਵੱਲੋਂ ਚੁਣੇ ਜਾਂਦੇ ਹਨ ਅਤੇ ਕੁਝ ਪ੍ਰਤੀਸ਼ਤ ਭਾਰਤ ਸਰਕਾਰ ਵੱਲੋਂ ਚੰਗੀ ਯੋਗਤਾ, ਵੱਖ-ਵੱਖ ਖੇਤਰਾਂ 'ਚ ਪ੍ਰਸਿੱਧੀ ਪ੍ਰਾਪਤ ਲੋਕ ਭੇਜੇ ਜਾਂਦੇ ਹਨ ਅਤੇ ਸਿਆਸੀ ਧਿਰਾਂ ਵਾਹ ਲੱਗਦੀ ਆਪਣੇ ਸਿਆਣੇ ਮੈਂਬਰਾਂ ਨੂੰ ਇਸ "ਸਿਆਣੀ ਸੰਸਦ" ਵਿੱਚ ਭੇਜਣ ਦਾ ਦਾਅਵਾ ਕਰਦੀਆਂ ਹਨ।

ਅਪ੍ਰੈਲ 2026 ਵਿੱਚ ਦੇਸ਼ ਦੀਆਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪਾਂਡੀਚੇਰੀ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਖੱਬੇ ਪੱਖੀ ਵਿਚਾਰਧਾਰਾ ਵਾਲੇ ਕੇਰਲ ਵਿੱਚ ਏ.ਡੀ.ਆਰ. ਦੀ 2025 'ਚ ਛਪੀ ਰਿਪੋਰਟ ਵਿੱਚ ਸਾਹਮਣੇ ਆਇਆ ਕਿ 92 ਵਿਧਾਇਕ ਅਪਰਾਧਿਕ ਮਾਮਲਿਆਂ 'ਚ ਲਿਪਤ ਹਨ। ਇਸ ਸੰਬੰਧੀ ਉਹਨਾਂ ਵੱਲੋਂ ਦਿੱਤੇ ਹਲਫ਼ਨਾਮਿਆਂ ਵਿੱਚ ਉਹਨਾਂ ਇਹ ਗੱਲ ਕਬੂਲੀ ਹੈ ਕਿ ਉਹਨਾਂ ਖ਼ਿਲਾਫ਼ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਹਨ। ਪੱਛਮੀ ਬੰਗਾਲ ਦੀ ਏ.ਡੀ.ਆਰ. ਰਿਪੋਰਟ ਦੱਸਦੀ ਹੈ ਕਿ 223 ਤ੍ਰਿਣਮੂਲ ਕਾਂਗਰਸ ਦੇ ਵਿਧਾਇਕਾਂ ਵਿੱਚੋਂ 92 (41%), ਭਾਜਪਾ ਦੇ 64 ਵਿੱਚੋਂ 42 (66%) ਵਿਧਾਇਕਾਂ ਖ਼ਿਲਾਫ਼ ਕੇਸ ਕੋਰਟਾਂ ਵਿੱਚ ਹਨ ਤੇ 50 ਫ਼ੀਸਦੀ ਕਰੋੜਪਤੀ ਹਨ। ਇਹਨਾਂ ਅਪਰਾਧਿਕ ਮਾਮਲਿਆਂ ਵਿੱਚ ਧੋਖਾਧੜੀ, ਔਰਤਾਂ ਨਾਲ ਬਲਾਤਕਾਰ ਅਤੇ ਕਤਲ ਤੱਕ ਦੇ ਕੇਸ ਦਰਜ ਹਨ। ਤਾਮਿਲਨਾਡੂ ਵਿੱਚ 224 ਵਿੱਚੋਂ 134 ਵਿਧਾਇਕਾਂ ਉੱਤੇ, ਅਸਾਮ ਵਿੱਚ 34 ਵਿਧਾਇਕ ਅਤੇ ਪਾਂਡੀਚੇਰੀ 'ਚ 30 ਵਿੱਚੋਂ 13 ਵਿਧਾਇਕਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਅਸਲ ਵਿੱਚ ਸਿਰਫ਼ ਕੁਝ ਪਾਰਟੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਵਿੱਚੋਂ ਬਹੁਤਿਆਂ ਵਿਰੁੱਧ ਇਹ ਕੇਸ ਅਦਾਲਤਾਂ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਹਨ।

ਧਿਆਨ ਦੇਣ ਯੋਗ ਹੈ ਕਿ ਹਰ ਸਾਲ ਏ.ਡੀ.ਆਰ. ਦੀ ਰਿਪੋਰਟ ਛਪਦੀ ਹੈ। ਇਸ ਪ੍ਰਤੀ ਚਿੰਤਾ ਵੱਡੇ ਪੱਧਰ 'ਤੇ ਦਰਸਾਈ ਜਾਂਦੀ ਹੈ, ਪਰ ਬਾਅਦ ਵਿੱਚ ਚੁੱਪੀ ਸਾਧ ਲਈ ਜਾਂਦੀ ਹੈ, ਜਿਵੇਂ ਇਹ ਇੱਕ ਸਧਾਰਣ ਜਿਹੀ ਰਿਪੋਰਟ ਹੈ। ਪਰ ਇਵੇਂ ਲੱਗਦਾ ਹੈ ਕਿ ਨਾ ਤਾਂ ਕੋਈ ਸਿਆਸੀ ਦਲ ਇਸਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਨਾ ਹੀ ਭਾਰਤੀ ਚੋਣ ਕਮਿਸ਼ਨ ਇਸ ਸੰਬੰਧੀ ਕੋਈ ਠੋਸ ਪਹਿਲ ਕਰਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਹਰ ਵਾਰ ਦਾਗ਼ੀ ਪਿਛੋਕੜ ਵਾਲੇ ਲੋਕਾਂ ਨੂੰ ਸਿਆਸੀ ਪਾਰਟੀਆਂ ਟਿਕਟ ਦੇ ਦਿੰਦੀਆਂ ਹਨ ਅਤੇ ਉਸਦੇ ਨਾਮਜ਼ਦਗੀ ਉੱਤੇ ਚੋਣ ਕਮਿਸ਼ਨ ਦੀ ਮੋਹਰ ਲੱਗ ਜਾਂਦੀ ਹੈ।

ਨਰਿੰਦਰ ਮੋਦੀ ਜਦੋਂ 26 ਮਈ 2014 ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਹਨਾਂ ਪਾਰਲੀਮੈਂਟ ਵਿੱਚ ਇਹ ਗੱਲ ਗੱਜ-ਵੱਜ ਕੇ ਕਹੀ ਸੀ ਕਿ 'ਉਹ ਦੇਸ਼ ਦੀ ਪਾਰਲੀਮੈਂਟ ਵਿੱਚੋਂ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਤੋਂ ਸਮੁੱਚੀ ਸੰਸਦ ਨੂੰ ਮੁਕਤੀ ਦਿਵਾਉਣਗੇ।' ਪਰ ਆਪਣੇ 2014 ਤੋਂ 2026 ਤੱਕ ਦੇ ਰਾਜਕਾਲ 'ਚ ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਅਪਰਾਧਿਕ ਮਾਮਲਿਆਂ ਵਾਲੇ ਐੱਮ.ਪੀ. ਅਤੇ ਐੱਮ.ਐੱਲ.ਏ. ਦੀ ਹਕੀਕਤ ਇਹ ਹੈ ਕਿ ਮੌਜੂਦਾ ਲੋਕ ਸਭਾ, ਜੋ 2024 ਵਿੱਚ ਚੁਣੀ ਗਈ, ਕੁੱਲ 543 ਮੈਂਬਰਾਂ ਵਿੱਚੋਂ 251 (46%) ਉੱਤੇ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ 170 ਉੱਤੇ ਗੰਭੀਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ 151 ਇਹਨਾਂ ਕਾਨੂੰਨ-ਘਾੜਿਆਂ ਵਿਰੁੱਧ ਔਰਤਾਂ ਨਾਲ ਬਲਾਤਕਾਰ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਹਨ। ਦੇਸ਼ ਵਿੱਚ ਭਾਜਪਾ ਦੇ ਐੱਮ.ਪੀ. ਇਹਨਾਂ ਮਾਮਲਿਆਂ 'ਚ ਪਹਿਲੇ ਨੰਬਰ ਉੱਤੇ ਅਤੇ ਕਾਂਗਰਸ ਦੇ ਐੱਮ.ਪੀ. ਦੂਜੇ ਨੰਬਰ ਉੱਤੇ ਹਨ। ਇਹ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਭੁਗਤ ਰਹੇ ਹਨ।

ਸਿਤਮ ਦੀ ਗੱਲ ਵੇਖੋ ਕਿ ਦੇਸ਼ ਦਾ ਰਾਜਭਾਗ ਚਲਾਉਣ ਵਾਲੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁੱਲ ਮੰਤਰੀਆਂ ਵਿੱਚੋਂ 47 ਫ਼ੀਸਦੀ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਇੱਕ ਏ.ਡੀ.ਆਰ. ਰਿਪੋਰਟ ਅਨੁਸਾਰ ਦੇਸ਼ ਦੇ 643 ਮੰਤਰੀਆਂ, ਜਿਨ੍ਹਾਂ ਵਿੱਚ ਕੇਂਦਰ ਅਤੇ 27 ਸੂਬਾ ਅਸੈਂਬਲੀ ਦੇ ਕੁੱਲ ਮੰਤਰੀਆਂ ਵਿੱਚੋਂ 302 (47%) ਵਿਰੁੱਧ ਅਪਰਾਧਿਕ ਅਦਾਲਤੀ ਕੇਸ ਹਨ, ਜਿਨ੍ਹਾਂ ਵਿੱਚ 174 (27 ਫ਼ੀਸਦੀ) ਮੰਤਰੀਆਂ ਵਿਰੁੱਧ ਗੰਭੀਰ ਦੋਸ਼ ਹਨ।

ਦਾਗ਼ੀ ਸਿਆਸਤਦਾਨਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਸੁਪਰੀਮ ਕੋਰਟ ਵੱਲੋਂ ਕੀਤਾ ਗਿਆ ਹੈ, ਪਰ ਅਨੇਕਾਂ ਕੇਸਾਂ ਵਿੱਚ ਫ਼ੈਸਲਾ ਸਾਲਾਂ ਬਾਅਦ ਆਉਂਦਾ ਹੈ ਅਤੇ ਇਹ ਨੇਤਾ ਆਪਣੇ ਅਹੁਦਿਆਂ ਉੱਤੇ ਕਾਇਮ ਰਹਿੰਦੇ ਹਨ। ਕਈ ਵਾਰ ਤਾਂ ਪੁਲਿਸ ਅਤੇ ਪ੍ਰਸ਼ਾਸਨ ਦੇ ਗੱਠਜੋੜ ਦੇ ਕਾਰਨ ਸਮੇਂ-ਸਿਰ ਜਾਂਚ ਹੀ ਪੂਰੀ ਨਹੀਂ ਕੀਤੀ ਜਾਂਦੀ ਅਤੇ ਸਿਆਸੀ ਦਲ ਆਪਣੇ ਇਹਨਾਂ ਨੇਤਾਵਾਂ ਦਾ ਅਪਰਾਧਿਕ ਪਿਛੋਕੜ ਲੋਕਾਂ ਸਾਹਮਣੇ ਵਿਖਾਉਂਦੇ ਹੀ ਨਹੀਂ। ਹਾਲਾਂਕਿ ਭਾਰਤੀ ਚੋਣ ਆਯੋਗ ਚੋਣ ਲੜਨ ਵਾਲੇ ਇਹੋ-ਜਿਹੇ ਉਮੀਦਵਾਰਾਂ ਨੂੰ ਇਸ ਕਿਸਮ ਦੇ ਵੇਰਵੇ ਪ੍ਰੈੱਸ ਵਿੱਚ ਦਰਸਾਉਣ ਦੀ ਹਦਾਇਤ ਕਰਦਾ ਹੈ।

ਅਪਰਾਧਿਕ ਪਿਛੋਕੜ ਵਾਲੇ ਇਹ ਨੇਤਾ, ਧੱਕੇ-ਧੌਂਸ ਦੀ ਸਿਆਸਤ ਕਰਦਿਆਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਨ ਲਈ ਪੈਸੇ ਅਤੇ ਬਾਹੂਬਲ ਦੀ ਵਰਤੋਂ ਕਰਨ ਤੱਕ ਵੀ ਜਾਂਦੇ ਹਨ। ਹਾਲਾਂਕਿ ਭਾਰਤ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਨੇ ਇਹਨਾਂ ਮਾਮਲਿਆਂ ਸੰਬੰਧੀ ਗੰਭੀਰ ਫ਼ੈਸਲੇ ਲਏ ਹਨ। ਤੇਜ਼ ਗਤੀ ਵਾਲੀਆਂ ਅਦਾਲਤਾਂ ਦਾ ਗਠਨ ਕੀਤਾ ਹੈ, ਤਾਂ ਕਿ ਇਹਨਾਂ ਕੇਸਾਂ ਦਾ ਹਾਈਕੋਰਟਾਂ ਰਾਹੀਂ ਬਕਾਇਦਾ ਮੁਲਾਂਕਣ ਕਰਨ ਉਪਰੰਤ ਫ਼ੈਸਲੇ ਲਏ ਜਾਣ ਅਤੇ ਉਹਨਾਂ ਐੱਮ.ਪੀ. ਜਾਂ ਵਿਧਾਇਕਾਂ ਨੂੰ ਆਪਣੇ ਅਹੁਦਿਆਂ ਤੋਂ ਬਰਖ਼ਾਸਤ ਕੀਤਾ ਜਾ ਸਕੇ। ਪਰ ਇਸ ਸੰਬੰਧੀ ਅੱਗੋਂ ਕਾਰਵਾਈ ਚਿੰਤਾ ਦਾ ਵਿਸ਼ਾ ਹੈ।

ਸਿਆਸਤ ਵਿੱਚ ਜਦੋਂ ਤੋਂ ਬਾਹੂਬਲ ਅਤੇ ਧਨ ਦੀ ਵਰਤੋਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਵਧੀ ਹੈ, ਚੋਣਾਂ ਜਿੱਤਣ ਲਈ ਇਸ ਦੀ ਵਰਤੋਂ ਲਗਭਗ ਸਾਰੀਆਂ ਪਾਰਟੀਆਂ ਕਰਨ ਲੱਗੀਆਂ ਹਨ ਤਾਂ ਕਿ ਸੱਤਾ ਹਥਿਆਈ ਜਾ ਸਕੇ। ਸਿਆਸੀ ਪਾਰਟੀਆਂ ਦੀ ਪਹਿਲ ਹੁਣ ਲੋਕ ਸੇਵਾ ਨਹੀਂ ਰਹੀ, ਸਗੋਂ "ਚੋਣ ਜਿੱਤ" ਤੱਕ ਸੀਮਤ ਹੋ ਗਈ ਹੈ, ਕਿਉਂਕਿ ਦੇਸ਼ ਵਿੱਚ ਜਾਤ ਅਤੇ ਧਰਮ ਦੇ ਆਧਾਰ ਉੱਤੇ ਵੋਟ ਬੈਂਕ ਹਥਿਆਏ ਜਾ ਰਹੇ ਹਨ। ਇਸੇ ਕਰਕੇ "ਤਾਕਤਵਰ" ਉਮੀਦਵਾਰ ਅੱਗੇ ਆ ਰਹੇ ਹਨ, ਜਿਹੜੇ ਕਾਲੇ ਧਨ ਦੀ ਖੁੱਲ੍ਹੇਆਮ ਵਰਤੋਂ ਕਰਦੇ ਹਨ। ਇਹਨਾਂ ਪਿੱਛੇ ਗੈਂਗ ਜੁੜੇ ਹਨ ਅਤੇ ਲੋੜ ਵੇਲੇ ਤਾਕਤ ਦੀ ਵਰਤੋਂ ਕਰਦੇ ਹਨ।

ਦੇਸ਼ ਦੇ ਪੇਂਡੂ ਅਤੇ ਪਿਛੜੇ ਖੇਤਰਾਂ ਵਿੱਚ ਇਹਨਾਂ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਦੀ ਗੱਲ ਨਹੀਂ ਪੁੱਜਦੀ, ਜੇਕਰ ਪੁੱਜਦੀ ਵੀ ਹੈ ਤਾਂ ਸਿਆਸੀ ਧਿਰਾਂ ਇਸਦਾ ਕੋਈ ਨਾ ਕੋਈ ਤੋੜ ਲੱਭ ਕੇ "ਪੈਸੇ" ਦੀ ਵਰਤੋਂ ਕਰਕੇ ਵੋਟਰਾਂ ਨੂੰ ਭਰਮਾ ਲੈਂਦੀਆਂ ਹਨ ਜਾਂ ਡਰਾ ਲੈਂਦੀਆਂ ਹਨ।

ਧਨ ਅਤੇ ਬਲ ਦੀ ਵਰਤੋਂ ਸਿਰਫ ਸਿਆਸਤ ਵਿੱਚ ਹੀ ਨਹੀਂ, ਸਮੁੱਚੇ ਸਮਾਜ ਵਿੱਚ ਫੈਲ ਰਹੀ ਹੈ, ਜਿਸ ਨਾਲ ਸਿਆਸਤ ਵਿੱਚ ਤਾਨਾਸ਼ਾਹੀ ਅਤੇ ਸਮਾਜ ਵਿੱਚ ਧੱਕੇਸ਼ਾਹੀ ਅਤੇ ਬਾਹੂਬਲ ਸਿਖਰਾਂ ਛੋਹ ਰਿਹਾ ਹੈ। ਚੋਣਾਂ 'ਚ ਸਿਆਸੀ ਧੱਕਾ ਤੇ ਪੈਸੇ ਦੀ ਵਰਤੋਂ ਚੋਣਾਵੀਂ ਬਾਂਡ (ਇਲੈਕਟੋਰਲ ਬੌਂਡਜ਼) ਨੇ ਵਧਾਈ, ਕਿਉਂਕਿ ਵੱਡੇ ਕਾਰਪੋਰੇਟ ਅਸਿੱਧੇ ਨਹੀਂ ਸਗੋਂ ਸਿੱਧੇ ਤੌਰ 'ਤੇ ਇਸ 'ਚ ਆਪਣਾ "ਹਿੱਸਾ", "ਯੋਗਦਾਨ" ਪਾਉਣ ਲੱਗੇ ਅਤੇ ਸਮਾਜ, ਵਪਾਰ, ਸਿਆਸਤ ਨੂੰ ਪ੍ਰਭਾਵਿਤ ਕਰਨ ਲੱਗੇ। ਉਹਨਾਂ ਦੀ ਪਹੁੰਚ "ਦੰਭੀ ਸਿਆਸਤਦਾਨਾਂ" ਤੱਕ ਵਧੀ ਅਤੇ ਉਹਨਾਂ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਅਨੁਸਾਰ ਨੀਤੀਆਂ ਬਣਾਉਣ ਲਈ ਇਸ ਹਥਿਆਰ ਦੀ ਵਰਤੋਂ ਪਹਿਲਾਂ ਚੁੱਪ-ਚਾਪ ਅਤੇ ਹੁਣ ਸਿੱਧੇ ਤੌਰ 'ਤੇ ਕਰਨੀ ਸ਼ੁਰੂ ਕੀਤੀ ਹੋਈ ਹੈ ਅਤੇ ਦੇਸ਼ ਦੇ ਹਰ ਅਦਾਰੇ ਤੱਕ ਪਹੁੰਚ ਵਧਾਈ ਹੋਈ ਹੈ।

ਜਦੋਂ ਤੱਕ ਸਿਆਸੀ ਧਿਰਾਂ ਸਾਫ਼ ਦਿੱਖ ਅਤੇ ਲੋਕ-ਹਿਤੈਸ਼ੀ ਪਹੁੰਚ ਵਾਲੇ ਲੋਕਾਂ ਨੂੰ ਅੱਗੇ ਨਹੀਂ ਲਿਆਉਂਦੀਆਂ, ਉਦੋਂ ਤੱਕ ਇਸ "ਕਾਲੇ ਕਾਰੋਬਾਰ-ਕਾਲੇ ਬਜ਼ਾਰ" ਉੱਤੇ ਕਾਬੂ ਪਾਉਣਾ ਔਖਾ ਹੈ। ਸਮੇਂ ਦੀ ਲੋੜ ਹੈ ਕਿ ਕਾਇਦੇ-ਕਾਨੂੰਨ ਅਨੁਸਾਰ ਅਪਰਾਧਿਕ ਮਾਮਲੇ ਦਰਜ ਹੋਣ ਉੱਤੇ ਦਾਗ਼ੀ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਇਹ ਸਾਫ਼-ਸੁਥਰੀ ਰਾਜਨੀਤੀ ਲਈ ਜ਼ਮੀਨ ਤਿਆਰ ਕਰਨ ਦੀ ਦਿਸ਼ਾ ਵੱਲ ਵੱਡਾ ਕਦਮ ਸਾਬਤ ਹੋ ਸਕਦਾ ਹੈ। ਅੱਜ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਮੇਂ ਦੀ ਲੋੜ ਹੈ, ਜਿਸ ਤੋਂ ਲਗਭਗ ਸਮੁੱਚੀਆਂ ਸਿਆਸੀ ਪਾਰਟੀਆਂ ਪਿੱਠ ਕਰੀ ਬੈਠੀਆਂ ਹਨ। ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਹੀਂ ਰੋਕਿਆ ਗਿਆ, ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕਤੰਤਰ ਸਿਰਫ਼ ਕਾਗਜ਼ੀ ਪ੍ਰਣਾਲੀ ਬਣ ਕੇ ਰਹਿ ਜਾਵੇਗਾ। ਲੋੜ ਹੈ ਕਿ ਸਿਆਸੀ ਪਾਰਟੀਆਂ ਆਪਣੀ ਜ਼ਿੰਮੇਵਾਰੀ ਸਮਝਣ, ਚੋਣ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਈ ਜਾਵੇ ਅਤੇ ਜਨਤਾ ਵੀ ਸਚੇਤ ਹੋ ਕੇ ਸਹੀ ਉਮੀਦਵਾਰਾਂ ਦੀ ਚੋਣ ਕਰੇ। ਕਿਉਂਕਿ ਆਖ਼ਿਰਕਾਰ, ਲੋਕਤੰਤਰ ਦੀ ਅਸਲੀ ਤਾਕਤ ਜਾਗਰੂਕ ਵੋਟਰ ਹੀ ਹੁੰਦਾ ਹੈ।




ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ


ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪ੍ਰਿੰਸ ਜਾਰਜ ਦੀ ਸਿੱਖ ਸੰਗਤ ਨੇ ਪੰਜਾਬੀ ਭਾਸ਼ਾ ਦੇ ਇਤਿਹਾਸਕ ਪੜਾਅ ਦਾ ਜਸ਼ਨ ਮਨਾਇਆ

ਪ੍ਰਿੰਸ ਜਾਰਜ, ਬੀਸੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ 15 ਮਾਰਚ 2026 ਵਾਲੇ ਦਿਨ ਡੇਵਿਸ ਰੋਡ ਸਥਿੱਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਪੀਡਨ ਹਿੱਲ ਐਲੀਮੈਂਟਰੀ ਸਕੂਲ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੇ ਸਫਲ ਆਰੰਭ ਲਈ ਪ੍ਰਿੰਸੀਪਲ ਨਿਕੋਲ ਪੋਲਹੂਇਸ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਿੱਖ ਭਾਈਚਾਰੇ, ਸਥਾਨਕ ਨਿਵਾਸੀਆਂ, ਟਰੱਸਟੀ ਸਾਰਾਹ ਹੌਲੈਂਡ, ਅਸਿਸਟੈਂਟ ਸੁਪਰਡੈਂਟ ਕਪਿਲ ਦੇਵ ਮਾਨਹਾਂਸ ਅਤੇ ਪੀਡਨ ਹਿੱਲ ਸਕੂਲ ਦੇ ਸਮਰਪਿਤ ਸਟਾਫ ਨੇ ਸ਼ਮੂਲੀਅਤ ਕੀਤੀ ਅਤੇ ਸਮੂਹਿਕ ਸਿੱਖਿਆ ਦੇ ਇਸ ਨਵੇਂ ਅਧਿਆਇ ਦੀ ਸ਼ਲਾਘਾ ਕੀਤੀ। ਇਸ ਸਮਾਰੋਹ ਦੌਰਾਨ ਤਦਬੀਰ ਸਿੰਘ ਸੰਧੂ ਦੇ ਮੋਹਰੀ ਯਤਨਾਂ ਨੂੰ ਵਿਸ਼ੇਸ਼ ਤੌਰ 'ਤੇ ਸਲਾਹਿਆ ਗਿਆ, ਜਿਨ੍ਹਾਂ ਦੀ ਨਿਰੰਤਰ ਵਕਾਲਤ ਇਸ ਪ੍ਰੋਗਰਾਮ ਦੀ ਸ਼ੁਰੂਆਤ ਲਈ ਮੁੱਖ ਆਧਾਰ ਬਣੀ। ਆਪਸੀ ਸਤਿਕਾਰ ਅਤੇ ਸਾਂਝ ਦੇ ਪ੍ਰਤੀਕ ਵੱਜੋਂ, ਪ੍ਰਿੰਸੀਪਲ ਨਿਕੋਲ ਪੋਲਹੂਇਸ ਨੂੰ ਗਿਆਨੀ ਰਣਧੀਰ ਸਿੰਘ ਵੱਲੋਂ ਸਿਰੋਪਾ-ਭੇਂਟ ਕੀਤਾ ਗਿਆ। ਇਸ ਤੋਂ ਇਲਾਵਾ, ਬੋਰਡ ਮੈਂਬਰਾਂ ਕੇਵਲ ਸੁੱਚਾ ਸਿੰਘ ਕਲੇਰ, ਤਦਬੀਰ ਸਿੰਘ ਸੰਧੂ, ਰਸ਼ਪਾਲ ਕੌਰ ਬੈਂਸ ਅਤੇ ਬਲਵੀਰ ਕੌਰ ਵੱਲੋਂ ਪ੍ਰਸ਼ੰਸਾ ਪੱਤਰ ਵੀ ਭੇਂਟ ਕੀਤਾ ਗਿਆ।ਜਿੱਥੇ ਇਸ ਸਮਾਗਮ ਨੇ ਮੌਜੂਦਾ ਸਫਲਤਾ ਦਾ ਜਸ਼ਨ ਮਨਾਇਆ, ਉੱਥੇ ਹੀ ਇਸ ਨੇ ਪ੍ਰੋਗਰਾਮ ਦੇ ਭਵਿੱਖ ਲਈ ਇੱਕ ਰਸਮੀ ਸ਼ੁਰੂਆਤ ਵੱਜੋਂ ਵੀ ਕੰਮ ਕੀਤਾ। ਇੱਕ ਅਧਿਕਾਰਤ ਮੰਗ-ਪੱਤਰ ਅਨੁਸਾਰ ਪੰਜਾਬੀ ਭਾਸ਼ਾ ਦੇ ਪਾਠਕ੍ਰਮ ਨੂੰ ਡਿਸਟ੍ਰਿਕਟ ਦੇ ਹੋਰ ਸਕੂਲਾਂ ਵਿੱਚ ਵੀ ਲਾਗੂ ਕਰਨ ਦੀ ਬੇਨਤੀ ਕੀਤੀ ਗਈ। ਟਰੱਸਟੀ ਹੌਲੈਂਡ ਨੇ ਇਸ ਮੰਗ-ਪੱਤਰ ਨੂੰ ਸਵੀਕਾਰ ਕਰਦਿਆਂ ਭਾਈਚਾਰੇ ਨੂੰ ਪੱਕਾ ਭਰੋਸਾ ਦਿਵਾਇਆ ਕਿ ਉਹ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਪੂਰਨ ਸਹਿਯੋਗ ਅਤੇ ਵਕਾਲਤ ਜਾਰੀ ਰੱਖਣਗੇ। ਗੁਰੂ ਨਾਨਕ ਦਰਬਾਰ ਸਿੱਖ ਸੁਸਾਇਟੀ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਆਪਣੇ ਸੰਬੋਧਨ ਦੌਰਾਨ ਤਦਬੀਰ ਸਿੰਘ ਸੰਧੂ ਨੇ ਕਿਹਾ, "ਅੱਜ ਭਾਈਚਾਰੇ ਅਤੇ ਸਕੂਲ ਸਟਾਫ ਨੂੰ ਇੱਕਜੁੱਟ ਹੋ ਕੇ ਵੇਖਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਸ ਪ੍ਰੋਗਰਾਮ ਦੀ ਕਿੰਨੀ ਵੱਡੀ ਅਹਿਮੀਅਤ ਹੈ। ਅਸੀਂ ਪ੍ਰਿੰਸੀਪਲ ਨਿਕੋਲ ਪੋਲਹੂਇਸ ਦਾ ਉਨ੍ਹਾਂ ਦੇ ਦੂਰਅੰਦੇਸ਼ੀ ਅਤੇ ਸਾਡੇ ਘਰਾਂ ਤੇ ਸਕੂਲ ਵਿਚਕਾਰ ਇੱਕ ਮਜ਼ਬੂਤ ਪੁਲ ਬਣਨ ਲਈ ਧੰਨਵਾਦ ਕਰਦੇ ਹਾਂ। ਟਰੱਸਟੀ ਸਾਰਾਹ ਹੌਲੈਂਡ ਅਤੇ ਅਸਿਸਟੈਂਟ ਸੁਪਰਡੈਂਟ ਕਪਿਲ ਦੇਵ ਮਾਨਹਾਂਸ ਦੇ ਸਹਿਯੋਗ ਨਾਲ, ਸਾਨੂੰ ਪੂਰਾ ਵਿਸ਼ਵਾਸ ਹੈ ਕਿ ਪੀਡਨ ਹਿੱਲ ਦੀ ਇਹ ਸਫਲਤਾ ਇੱਕ ਵਧੇਰੇ ਸਮੂਹਿਕ ਅਤੇ ਬਹੁ-ਭਾਸ਼ਾਈ ਡਿਸਟ੍ਰਿਕਟ ਵੱਲ ਸਿਰਫ਼ ਪਹਿਲਾ ਕਦਮ ਹੈ।"ਸਮਾਰੋਹ ਵਿੱਚ ਬੋਰਡ ਦੇ ਮੈਂਬਰ ਕੇਵਲ ਸੁੱਚਾ ਸਿੰਘ ਕਲੇਰ, ਤਦਬੀਰ ਸਿੰਘ ਸੰਧੂ, ਹਰਮਨਪ੍ਰੀਤ ਸਿੰਘ ਅਟਵਾਲ, ਜਸਵੰਤ ਸਿੰਘ, ਬਲਵੀਰ ਕੌਰ ਗਿੱਲ, ਗੁਰਮੈਲ ਸਿੰਘ ਬੁੱਟਰ, ਮਨਜੀਤ ਸਿੰਘ ਕਾਜਲਾ, ਸੁਖਦੇਵ ਕੌਰ ਧਾਲੀਵਾਲ ਅਤੇ ਰਸ਼ਪਾਲ ਕੌਰ ਬੈਂਸ ਸ਼ਾਮਲ ਸਨ।



# ਮੂਲ ਨਿਵਾਸੀ- ਪਛਾਣ ਦੀ ਬਹਾਲੀ ਲਈ ਬਸਤੀਵਾਦੀ ਨੀਤੀਆਂ ਤਿਆਗੋ - ਡਾ. ਕ੍ਰਿਸਟੀਨਾ ਮਾਰਟੀਨਿਊ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) – ਯੂਨੀਵਰਸਿਟੀ ਆਫ਼ ਕੈਲਗਰੀ ਦੇ ਇੰਡੀਜਿਨਸ ਐਂਗੇਜਮੈਂਟ ਦਫ਼ਤਰ ਵੱਲੋਂ ਮੂਲਨਿਵਾਸੀ ਗਿਆਨ ਦੀ ਭਾਸ਼ਣ ਲੜੀ ਦੇ ਪ੍ਰੋਗਰਾਮ ਤਹਿਤ 11 ਮਾਰਚ ਨੂੰ ਮੂਲਨਿਵਾਸੀ ਪਛਾਣ ਦੇ ਵਿਸ਼ੇ ਉਪਰ ਵੈਬੀਨਾਰ ਕਰਵਾਇਆ ਗਿਆ। ਇਸ ਦੀ ਮਾਹਿਰ ਪ੍ਰਵਕਤਾ ਫਰੌਗ ਲੇਕ ਨੇਸ਼ਨ ਦੀ ਕਰੀਅ ਮੂਲ ਦੀ ਡਾ. ਕ੍ਰਿਸਟੀਨਾ ਮਾਰਟੀਨਿਊ ਸੀ। ਉਸ ਨੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਬੀ.ਐਡ, ਐਮ.ਏ. ਅਤੇ ਅਲਬਰਟਾ ਯੂਨੀਵਰਸਿਟੀ ਤੋਂ ਪੀ.ਐਚ ਡੀ. ਕੀਤੀ ਹੈ ਅਤੇ ਤਿੰਨ ਦਹਾਕਿਆਂ ਤੋਂ ਅਧਿਆਪਨ ਕਾਰਜ ਕਰ ਰਹੀ ਹੈ। ਅੱਜ ਕੱਲ੍ਹ ਟੇਲਰ ਇੰਸਟੀਚਿਊਟ ਫਾਰ ਟੀਚਿੰਗ ਐਂਡ ਲਰਨਿੰਗ ਵਿਖੇ ਕਾਰਜਸ਼ੀਲ ਹੈ। ਪ੍ਰੋਗਰਾਮ ਦੇ ਸ਼ੁਰੂ ਵਿਚ ਆਮ ਦੀ ਤਰ੍ਹਾਂ ਜੋਨਾਥਨ ਬਰੇਵਰ ਨੇ ਧੂਫ ਜਗਾ ਕੇ ਕਰੀਅ ਭਾਸ਼ਾ ਵਿਚ ਰਵਾਇਤੀ ਪ੍ਰਾਰਥਨਾ ਕੀਤੀ। ਵੈਬੀਨਾਰ ਦੀ ਸੰਚਾਲਕ ਨੌਰਮਾ ਜੈਰੈਮਿਕਾ ਨੇ ਭੂਮੀ ਕਬੂਲਨਾਮਾ ਪੜ੍ਹਨ ਦੀ ਰਸਮ ਕੀਤੀ। ਕ੍ਰਿਸਟੀਨਾ ਨੇ ਭਾਸ਼ਣ ਦੇ ਸ਼ੁਰੂ ਵਿਚ ਕਿਹਾ ਕਿ ਵੈਬੀਨਾਰ ਦਾ ਮੁੱਖ ਉਦੇਸ਼ ਕੈਨੇਡਾ ਦੀ ਵਿੱਦਿਆ ਨੀਤੀ ਦੀ ਜੜ੍ਹ ਪਰਖਣਾ ਤੇ ਨਵੀਂ ਨੀਤੀ ਦੀ ਨਿਸ਼ਾਨਦੇਹੀ ਕਰਨਾ ਹੈ ਜੋ ਇੱਥੋਂ ਦੇ ਮੂਲਨਿਵਾਸੀਆਂ ਨੂੰ ਉਨ੍ਹਾਂ ਦੀ ਖੋਈ ਹੋਈ ਮੂਲ ਪਛਾਣ ਦਿਵਾਉਣ ਵਿਚ ਸਹਾਈ ਹੋ ਸਕੇ। ਚਾਰਟਾਂ ਅਤੇ ਤਸਵੀਰਾਂ ਦੀ ਵਿਧੀ ਨਾਲ਼ ਵਿਸ਼ੇ ਨੂੰ ਰੌਚਿਕ ਅਤੇ ਸਰਲ ਬਣਾਇਆ ਗਿਆ। ਉਸ ਨੇ ਇਤਿਹਾਸਕ ਹਵਾਲਿਆਂ ਨਾਲ਼ ਸਮਝਾਇਆ ਕਿ ਬਸਤੀਵਾਦੀ ਕਾਰਵਾਈਆਂ, ਸਰਕਾਰੀ ਤੇ ਮਿਸ਼ਨਰੀ ਨੀਤੀਆਂ ਖਾਸ ਕਰ ਕੇ ਰਿਹਾਇਸ਼ੀ ਸਕੂਲ ਸਿਸਟਮ ਨੇ ਮੂਲਨਿਵਾਸੀਆਂ ਤੋਂ ਇਨ੍ਹਾਂ ਦੀ ਪਛਾਣ ਖੋਹ ਲਈ।







# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A ) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***299**k**

## ਲੜਕੀ ਦੀ ਲੋੜ

ਕੈਲਗਰੀ ਵਰਕ ਪਰਮਿਟ ਉੱਪਰ ਰਹਿੰਦੇ ਰਾਮਗੜੀਆ ਪਰਿਵਾਰ ਦੇ ਲੜਕੇ ਜਨਮ 1997 ਕੱਦ 5 ਫੁੱਟ 7 ਇੰਚ,ਆਟੋਮੋਟਿਵ ਟੈਕਨੀਸ਼ੀਅਨ,ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕੋਈ ਜਾਤੀ ਬੰਦਨ ਨਹੀਂ । ਸੰਪਰਕ: ਵਟਸਐਪ 1 (647) 685-9457 ***292***3

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ , ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ 'ਤੇ ਸੈੱਟਲ ਹੈ। ਸੰਪਰਕ: 1 825 733 6513 ਜਾਂ 1 778 551 8600, E mail: sbhathal52@gmail.com ***292***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗੋਤ ਮੇਸ ਪਰਿਵਾਰ ਦੀ ਲੜਕੀ ਉਮਰ 27 ਸਾਲ,ਕੱਦ 5 ਫੁੱਟ 3 ਇੰਚ, ਪਲੱਸ 2 ਲਈ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਫੋਨ: 1 825 431 3300 ਜਾਂ ਈ ਮੇਲ: Jmanjit61@gmail.com ***292***3

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਇੰਡੀਆ ਰਹਿੰਦੇ ਲੜਕੇ ਉਮਰ 31 ਸਾਲ ਕੱਦ 6 ਫੁੱਟ 1 ਇੰਚ ਆਈ ਟੀ ਆਈ ਪਲੰਬਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਬਾਕੀ ਪਰਿਵਾਰ ਕੈਨੇਡਾ ਵੈਲ ਸੈਟਲਡ ਹੈ । ਸੰਪਰਕ:1778 710 0002 ***292***3

## ਲੜਕੀ ਦੀ ਲੋੜ

ਜੱਟ ਸਿੱਖ ਸਮਰਾ ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ, ਕੈਨੇਡਾ ਤੋਂ ਪੋਸਟ ਗਰੈਜੂਏਟ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕਾ ਇਸ ਵੇਲੇ ਗੈਸ ਸਟੇਸਨ ਉੱਪਰ ਵਰਕ ਪਰਮਿਟ ਉੱਪਰ ਸੁਪਰਵਾਈਜਰ ਦੀ ਜੌਬ ਕਰ ਰਿਹਾ ਹੈ। ਲੜਕੇ ਕੋਲ 2 ਏਕੜ ਜਮੀਨ ਹੈ ਅਤੇ ਭੈਣ ਕੈਲਗਰੀ ਵੈਲ ਸੈਟਲਡ ਹੈ। ਕਾਲ ਜਾਂ ਵਟਸਐਪ ਮੈਸੇਜ: 1 587 435 2247 ***288**1

## ਲੜਕੇ ਦੀ ਲੋੜ

ਰਾਮਗੜ੍ਹੀਆ ਗੁਰਸਿੱਖ ਕਨੇਡੀਅਨ ਸਿਟੀਜ਼ਨ ਲੜਕੀ,ਜਨਮ 1996, ਕੱਦ 5 ਫੁੱਟ 4 ਇੰਚ,ਰਿਹਾਇਸ਼ ਕੈਲਗਰੀ (ਕਨੇਡਾ) ਲਈ ਚੰਗੇ ਸੈਟਲ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਲਗਰੀ ਨਿਵਾਸੀ ਹੋਵੇ । ਸੰਪਰਕ: +919814212395***291***

## ਲੜਕੀ ਦੀ ਲੋੜ

PR Canada handsome turbaned Veterinary Doctor Boy,1996/5' 7'',BVSc & AH (Doctor of Veterinary Medicine), Looking for Canadian Citizen/PR Veterinary Doctor girl, Caste no bar, Kindly provide Bio data if interested, WhatsApp: +919781040140 ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 1998, ਕੱਦ 6 ਫੁੱਟ, ਇਲੈਕਟਰੀਕਲ ਡਿਪਲੋਮਾ ਹੋਲਡਰ,ਇਲੈਕਟਰੀਸਨ ਦਾ ਬਿਜਨਿਸ ਕਰਦੇ ਲਈ, ਕਨੇਡਾ ਵਿੱਚ ਰਹਿੰਦੀ ਵੈਲ ਸੈਟਲਡ ਲੜਕੀ, ਜਿਸਦਾ ਕੱਦ ਘੱਟੋ ਘੱਟ 5 ਫੁੱਟ 5 ਇੰਚ ਜਰੂਰ ਹੋਵੇ,ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 3 ਏਕੜ ਜਮੀਨ ਹੈ। ਸੰਪਰਕ: 91 9463530520 ਜਾਂ 403 702 1490 ,ਈ ਮੇਲ: gillkaran50333@gmail.com ***290***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਜਨਮ 1992,ਕੱਦ 6 ਫੁੱਟ 1 ਇੰਚ, ਬੀ ਐਸ ਸੀ ਐਗਰੀਕਲਚਰਲ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਸਰਕਾਰ ਵਿੱਚ ਇੰਸਪੈਕਟਰ ਦੀ ਜੌਬ,ਅਤੇ 13 ਏਕੜ ਜਮੀਨ ਦੀ ਮਾਲਕੀ ਹੈ। ਕਨੇਡੀਅਨ ਪੀ ਆਰ ਪੋਆਇੰਟ ਸਿਸਟਮ ਨਾਲ ਹੋਈ ਹੈ। ਛੋਟੀ ਭੈਣ ਕੈਨਡਾ ਰਹਿ ਰਹੀ ਹੈ। ਸੰਪਰਕ: 1 604 902 2632 ***290***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿੱਚ ਸਰਕਾਰੀ ਨੌਕਰੀ ਕਰਦੇ ਲੜਕੇ, ਜਿਸ ਕੋਲ ਆਪਣਾ ਘਰ ਵੀ ਹੈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਜਨਮ 1996,ਕੱਦ 6 ਫੁੱਟ ਵਿਦਿਅਕ ਯੋਗਤਾ: Bachelor of Computer Application from Khalsa University Amritsar. Post Graduation from Canada. Professional: Working as a Software Developer with Alberta Government, earning six figure salary, Own house. Open to relocate. WhatsApp : +91 99141 33698 ***287 ***,

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1991,ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਪਲੱਸ 2,ਆਈ ਟੀ ਆਈ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਕੇਸ ਬਿਨਾ ਬੱਚੇ ਤੋਂ ਵੀ ਸੰਪਰਕ ਕਰ ਸਕਦੇ ਹਨ। ਕਾਲ ਇੰਡੀਆ ਦੇ ਸਮੇਂ ਅਨਸਾਰ ਹੀ ਕੀਤੀ ਜਾਵੇ। ਵਟਸਐਪ: 91 9876504844 ***287 ***,, ,

,

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1997 , ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***287 ***,

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਜ਼ੈਲਦਾਰ,ਖੂਬੜ ਪਰਿਵਾਰ ਦੇ ਲੜਕੇ ਜਨਮ 1997, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਹੋਟਲ ਮੈਨੇਜਮੈਂਟ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਰੈਸਟੋਰੈਂਟ ਅਤੇ ਮਾਰਗੇਜ ਦਾ ਕਾਰੋਬਾਰ ਹੈ।

ਸੰਪਰਕ: 1 519 572 7598 ਜਾਂ +91 9416020778***287 ***,

## ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਨੋ ਕਾਸਟ ਬਾਰ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 1997,ਕੱਦ 5 ਫੁੱਟ 10 ਇੰਚ, ਇਲੈਕਟਰੋਨਿਕ ਇੰਜੀਨੀਅਰ ਡਿਪਲੋਮਾ ਹੋਲਡਰ, ਰੈਡ ਸੀਲ, ਜਰਨੀਮੈਨ ਹੈਵੀ ਡਿਊਟੀ ਮਕੈਨਿਕ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ: ਵਟਸਐਪ :+ 91 8544819749 ***287 ***,

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+ 91 8544819749 ***287 ***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 9583592000

## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**
**@403-975-0128**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

## ਕੈਲਗਰੀ ਮੇਅਰ ਜੈਰਮੀ ਫਾਰਕਸ ਨੇ ਕਿਹਾ ------------------------------------------

# ਮੈਨੂੰ ਰਿਹਾਇਸ਼ੀ ਸਕੂਲ ਸਿਸਟਮ ਦੇ ਜ਼ਾਲਮਾਨਾ ਵਰਤਾਰੇ ’ਤੇ ਗੁੱਸਾ ਹੈ

ਕੈਨੇਡਾ ਦੇ ਰਿਹਾਇਸ਼ੀ ਸਕੂਲਾਂ (Residential Schools) ਵਿੱਚ ਤਕਰੀਬਨ 150 ਸਾਲਾਂ ਦਰਮਿਆਨ ਮੂਲਨਿਵਾਸੀ ਬੱਚਿਆਂ ਨਾਲ਼ ਹੋਏ ਅਣਮਨੁੱਖੀ ਅਤੇ ਨਸਲਘਾਤੀ ਵਿਹਾਰ ਸਦਕਾ ਹਜ਼ਾਰਾਂ ਮਾਸੂਮ ਬੱਚੇ ਬੀਮਾਰੀ, ਕੁਪੋਸ਼ਣ, ਕੁੱਟਮਾਰ ਅਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਪਏ। ਜੋ ਬਚ ਕੇ ਆਏ ਉਹ ਆਪਣੇ ਨਾਮ, ਜ਼ੁਬਾਨ, ਸਭਿਆਚਾਰ, ਰਸਮਾਂ, ਰਿਵਾਇਤਾਂ, ਘਰ ਬਾਰ, ਜੀਵਨ-ਜਾਚ ਅਤੇ ਪਿਆਰ ਤੋਂ ਸੱਖਣੇ ਕਰ ਦਿੱਤੇ ਗਏ। ਮਰਨ ਵਾਲ਼ਿਆਂ ਨੂੰ ਉੱਥੇ ਹੀ ਬੇ-ਨਾਮ ਕਬਰਾਂ ਵਿੱਚ ਦਫ਼ਨਾ ਦਿੱਤਾ ਜਾਂਦਾ ਸੀ ਜਿਸ ਬਾਰੇ ਮਾਪਿਆਂ ਨੂੰ ਕੋਈ ਉੱਘ-ਸੁੱਘ ਨਹੀਂ ਸੀ ਦਿੱਤੀ ਜਾਂਦੀ। ਹਜ਼ਾਰਾਂ ਬੱਚੇ ਪਰਤ ਘਰੀਂ ਨਾ ਆਏ। ਸਾਲ 2021 ਵਿੱਚ ਕੈਮਲੂਪਸ ਦੇ ਰਿਹਾਇਸ਼ੀ ਸਕੂਲ ਦੇ ਖੇਤਰ ਵਿੱਚ ਇਨ੍ਹਾਂ ਬੱਚਿਆਂ ਦੀਆਂ 215 ਕਬਰਾਂ ਦਾ ਪਤਾ ਲੱਗਿਆ। ਉਸ ਮਗਰੋਂ ਹੋਰ ਥਾਈਂ ਵੀ ਕਬਰਾਂ ਮਿਲੀਆਂ। ਸਤੰਬਰ 2021 ਵਿੱਚ ਕੈਲਗਰੀ ਦੇ ਮੂਲਨਿਵਾਸੀਆਂ ਵੱਲੋਂ ਸਨੀ ਜੇਮਜ਼ ਕੈਂਪਬੈੱਲ (ਕਰੀਅ), ਐਲਡਰ ਪੀਟਰ ਵੀਜ਼ਲ ਮੋਕਾਸਿਨ (ਕਾਇਨਾਈ), ਆਟਮ ਈਗਲ ਸਪੀਕਰ (ਬਲਿਊ ਬਰਡ ਵੋਮੈਨ- ਕਾਇਨਾਈ) ਸਮੇਤ ਦੂਜੇ ਆਗੂਆਂ ਅਤੇ ਸਾਰਿਆਂ ਨੇ ਮਿਲ ਕੇ ਸਿਟੀ ਹਾਲ ਦੇ ਵਿਹੜੇ ਵਿੱਚ ਇਨ੍ਹਾਂ ਬੱਚਿਆਂ ਦੀ ਆਰਜ਼ੀ ਯਾਦਗਾਰ ਸਥਾਪਤ ਕੀਤੀ ਜਿੱਥੇ ਬੱਚਿਆਂ ਦੇ ਜੁੱਤੇ, ਗੁੱਡੀਆਂ ਪਟੋਲੇ, ਖਿਲੌਣੇ ਆਦਿ ਰੱਖਕੇ ਇਨ੍ਹਾਂ ਦੀ ਰੂਹ ਨੂੰ ਸਨਮਾਨ ਦਿੱਤਾ। ਹੁਣ ਬੋਅ ਅਤੇ ਐਲਬੋਅ ਦਰਿਆਵਾਂ ਦੇ ਸੰਗਮ ਉਪਰ ਫੋਰਟ ਕੈਲਗਰੀ ਦੇ ਸਥਾਨ ’ਤੇ ‘ਇੰਡੀਅਨ ਰੈਜ਼ੀਡੈਂਸ਼ਲ ਸਕੂਲ ਮੈਮੋਰੀਅਲ’ ਨਾਂ ਦੀ ਪੱਕੀ ਯਾਦਗਾਰ ਬਨਣੀ ਹੈ ਜਿੱਥੇ ਲੋਕ ਉਨ੍ਹਾਂ ਮ੍ਰਿਤਕ ਬੱਚਿਆਂ, ਸਕੂਲ ਪੀੜਤਾਂ ਅਤੇ ਪੀੜਤ ਪਰਿਵਾਰਾਂ ਨੂੰ ਯਾਦ ਕਰ ਕੇ ਸਨਮਾਨ ਦੇ ਸਕਣਗੇ ਤਾਂ ਕਿ ਇਹ ਕਾਲ਼ਾ ਦੌਰ ਵਿਸਰ ਨਾ ਜਾਵੇ। ਇਸ ਵਾਰ 20 ਮਾਰਚ, 2026 ਦੇ ਦਿਨ ਅਮਰੀਕਨ ਇੰਡੀਅਨ ਮੂਵਮੈਂਟ ਦੇ ਆਗੂ ਸਨੀ ਜੇਮਜ਼ ਕੈਂਪਬੈੱਲ ਸਮੇਤ ਮੂਲਨਿਵਾਸੀ ਅਤੇ ਆਮ ਲੋਕਾਂ ਨੇ ਸਿਟੀ ਹਾਲ ਤੋਂ ਸੰਗਮ ਤੱਕ ਮਾਰਚ ਦਾ ਆਯੋਜਨ ਕੀਤਾ। ਇਸ ਦਾ ਮਕਸਦ ਸੀ ਰਿਵਾਇਤ ਮੁਤਾਬਕ ਇਨ੍ਹਾਂ ਬੱਚਿਆਂ ਦੀ ਰੂਹ ਨੂੰ ਇੱਥੋਂ ਲਿਜਾ ਕੇ ਪੱਕੀ ਯਾਦਗਾਰ ਦੀ ਥਾਂ ’ਤੇ ਸਮਾਉਣਾ। ਪਹਿਲਾਂ



ਸਿਟੀ ਹਾਲ ਵਿੱਚ ਸੈਂਕੜੇ ਲੋਕ ਇਕੱਠੇ ਹੋਏ। ਸੰਖੇਪ ਤਕਰੀਰਾਂ ਰਾਹੀਂ ਸਨੀ ਜੇਮਜ਼ ਕੈਂਪਬੈੱਲ, ਐਲਡਰ ਜੈਕੀ ਬ੍ਰੋਮਲੇ, ਸ਼ੈਰੀ ਕੈਲੌਂਕ, ਜੌਨ ਥਾਂਪਸਨ ਅਤੇ ਹੋਰ ਆਗੂਆਂ ਨੇ ਇਨ੍ਹਾਂ ਸਕੂਲਾਂ ਦੇ ਇਤਿਹਾਸ, ਬਸਤੀਵਾਦੀਆਂ ਦੇ ਵਤੀਰੇ ਅਤੇ ਟਰੁੱਥ ਐਂਡ ਰੀਕੌਨਸੀਲੀਏਸ਼ਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੀ ਅਣਗਹਿਲੀ ਬਾਰੇ ਸਚਾਈ ਸਾਹਮਣੇ ਲਿਆਂਦੀ। ਇਨ੍ਹਾਂ ਸਕੂਲਾਂ ’ਚੋਂ ਬਚ ਕੇ ਆਏ ਵਡੇਰਿਆਂ ਨੇ ਹੰਢਾਈ ਦਾਸਤਾਨ ਸੁਣਾਈ। ਇਸ ਮੌਕੇ ਕੈਲਗਰੀ ਦੇ ਮੇਅਰ ਜੈਰਮੀ ਫਾਰਕਸ ਨੇ ਰਿਹਾਇਸ਼ੀ ਸਕੂਲ ਸਿਸਟਮ ਦੇ ਤਬਾਹਕੁਨ ਵਤੀਰੇ ਅਤੇ ਕੁਝ ਲੋਕਾਂ ਦੁਆਰਾ ਸੱਚ ਮੰਨਣ ਤੋਂ ਇਨਕਾਰੀ ਹੋਣ ਉਪਰ ਬਾਰ-ਬਾਰ ਗੁੱਸੇ ਦਾ ਇਜ਼ਹਾਰ ਕੀਤਾ। ਰਸਮੀ ਤੌਰ ’ਤੇ ਧੂਫ (Smudge) ਜਗਾ ਕੇ ਅਤੇ ਆਪਣੀ ਭਾਸ਼ਾ ਵਿੱਚ ਅਰਦਾਸ ਕਰਨ ਮਗਰੋਂ ਰੂਹ ਦੀ ਨਿਸ਼ਾਨੀ ਵਜੋਂ ਗੁਲਾਬ ਦੇ ਤਾਜ਼ਾ 215 ਫੁੱਲ ਲੈ ਕੇ ਸਾਰਿਆਂ ਨੇ ਸੰਗਮ ਤੱਕ ਪੈਦਲ ਮਾਰਚ ਕੀਤਾ। ਯਾਦਗਾਰ ਦੀ ਥਾਂ ’ਤੇ ਐਲਡਰ ਪੀਟਰ ਵੀਜ਼ਲ ਮੋਕਾਸਿਨ ਨੇ ਪ੍ਰਾਰਥਨਾ ਕਰ ਕੇ ਰੂਹ ਨੂੰ ਪੂਰੇ ਸਨਮਾਨ ਸਹਿਤ ਭਟਕਦੀ ਰੂਹ (The Wandering Spirit) ਵਿੱਚ ਸਮਾਉਣ ਦੀ ਰਸਮ ਨਿਭਾਈ। ਉਸ ਨੇ ਹਜ਼ਾਰਾਂ ਸਾਲਾਂ ਤੋਂ ਇਸ ਜਗਾਹ ਹੁੰਦੇ ਆਏ ਇਕੱਠਾਂ ਅਤੇ ਉਤਸਵਾਂ ਦਾ ਜ਼ਿਕਰ ਕਰਦਿਆਂ ਭਾਵੁਕ ਹੋ ਕੇ ਜ਼ਮੀਨ ਉਪਰ ਜ਼ੋਰ ਦੀ ਪੈਰ ਮਾਰ ਕੇ ਕਿਹਾ ਕਿ ਇਹ ਭੂਮੀ ਮੇਰੀ ਹੈ (THIS IS MY LAND)। ਜੌਨ ਥਾਂਪਸਨ ਨੇ ਬਨਣ ਵਾਲ਼ੀ ਯਾਦਗਾਰ ਬਾਰੇ ਬਿਉਰਾ ਦਿੱਤਾ। ਉਪ੍ਰੰਤ ਇਨ੍ਹਾਂ ਦੀ ਵੰਡ-ਛਕਣ ਦੀ ਰਿਵਾਇਤ ਅਨੁਸਾਰ ਸਭ ਨੂੰ ਖਾਣਾ ਪਰੋਸਿਆ ਗਿਆ। ਇਸ ਇਤਿਹਾਸਕ ਅਹਿਮ ਮੌਕੇ ਅਦਾਰਾ ‘ਪੰਜਾਬੀ ਅਖ਼ਬਾਰ’ ਵੱਲੋਂ ਜਗਦੇਵ ਸਿੱਧੂ ਨੇ ਆਪਣੇ ਸਨੇਹੀ ਸਨੀ ਜੇਮਜ਼ ਕੈਂਪਬੈੱਲ, ਆਟਮ ਈਗਲ ਸਪੀਕਰ ਅਤੇ ਦੂਜੇ ਆਗੂਆਂ ਨੂੰ ਮਿਲ ਕੇ ਸਾਡੇ ਭਾਈਚਾਰੇ ਵੱਲੋਂ ਸਦਭਾਵਨਾ, ਪ੍ਰੇਮ, ਮਿਲਵਰਤਣ ਅਤੇ ਸਹਿਯੋਗ ਦਾ ਭਰੋਸਾ ਦਿੱਤਾ।


All the Elements you expect from a home you love.

WITH TRICO, IT'S ON THE HOUSE.

WELL BUILT TO BE Well Loved



MORE BUILT-IN. More to love.



ਦੇਖੋ ਤੁਹਾਡੇ ਨਵੇਂ ਟਰਾਈਕੋ ਘਰ ਵਿੱਚ ਕੀ ਕੁੱਝ ਸਾਮਿਲ ਹੈ.

ਪੂਰੀ ਜਾਣਕਾਰੀ ਸਕੈਨ ਕਰਕੇ ਜਾਣੋ ▶

**ਤੁਹਾਨੂੰ ਇਹ ਪਸੰਦ ਆਵੇਗਾ ਕਿ ਕੀ ਬਣਾਇਆ ਗਿਆ ਹੈ:** ਟ੍ਰਾਈਕੋ ਦੇ ਨਾਲ,ਪਹਿਲੇ ਦਿਨ ਤੋਂ ਹੀ ਹੋਰ ਵੀ ਬਹੁਤ ਕੁੱਝ ਸ਼ਾਮਿਲ ਹੈ।

ਸਾਡੇ 2026 ਦੇ ਨਿਰਧਾਰਨ ਤੁਹਾਨੂੰ ਤੁਹਾਡੇ ਘਰ ਲਈ ਹੋਰ ਬਹੁਤ ਕੁੱਝ ਦਿੰਦੇ ਹਨ—ਬਿਨਾ ਕਿਸੇ ਵਾਧੂ ਕੀਮਤ ਦੇ,ਵਧੇਰੇ ਮੁੱਲ ਵਾਲਾ ਘਰ,ਇਸ ਵਿੱਚ ਸ਼ਾਮਿਲ ਹੈ।ਸਾਡੇ ਐਲੀਮੈਂਟਸ ਅਤੇ ਐਲੀਟ ਘਰਾਂ ਵਿੱਚ ਉਪਲਬਧ, ਤੁਹਾਨੂੰ **ਸੈਮਸੰਗ ਉਪਕਰਣਾਂ ਅਤੇ ਸਮਾਰਟ ਹੋਮ ਪੈਕੇਜ,** ਫਲੈਕਸੀਵਲ ਲਾਈਟਾਂ ਦਾ ਪੈਕੇਜ, ਅਤੇ ਟ੍ਰਾਈਕੋ ਦੇ ਉੱਚੇ ਨਿਰਮਾਣ ਮਿਆਰਾਂ ਦੇ ਨਾਲ ਆਉਣ ਵਾਲੀ ਮਨ ਦੀ ਸ਼ਾਂਤੀ ਦੇ ਨਾਲ ਇੱਕ ਅੱਪਗ੍ਰੇਡ ਕੀਤੀ ਰਸੋਈ ਪਸੰਦ ਆਵੇਗੀ।

**ਸਾਡੇ ਸ਼ੋਅਹੋਮ ਵਿਖੇ ਆਓ ਅਤੇ ਨਵੇਂ ਘਰ ਦੀ ਸ਼ੁਰੂਆਤ ਕਰੋ!**

The Heart of Homebuilding® | Find out more at tricohomes.com | Trico Homes

BUILDING IN 32 COMMUNITIES: FRONT-GARAGE | LANED | DUPLEXES | TOWNHOMES | CONDOS




# ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ-2

— ਸੂਫੀ ਤਬਸੁੱਮ




ਸੂਫੀ ਸਾਹਿਬ ਦਾ ਕਲਾਮ ਜੋ ਪਾਕਿਸਤਾਨ ਦੇ ਸੰਜੀਦਾ ਗਾਇਕ ਅਕਸਰ ਹੀ ਸਟੇਜਾਂ ਤੇ ਗਾਉਂਦੇ ਹਨ। ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ

ਫ਼ੁੱਲਾਂ ਦੀਆਂ ਖੁਸ਼ੀਆਂ ਮਾਤ ਪਈਆਂ, ਉਹ ਤੌਰ ਨਾ ਰਹੇ ਗੁਲਜ਼ਾਰਾਂ ਦੇ ਜਦ ਨਜ਼ਰਾਂ ਫਿਰੀਆਂ ਯਾਰ ਦੀਆਂ, ਰੰਗ ਉੱਡ ਪੁੱਡ ਗਏ ਬਹਾਰਾਂ ਦੇ
ਅਸੀਂ ਆਪਣੀ ਦੁਨੀਆਂ ਵਸਦੇ ਸਾਂ, ਖੁਦ ਰੋਂਦੇ ਸਾਂ ਖੁਦ ਹੱਸਦੇ ਸਾਂ ਕੇਹਾ ਦਿਲ ਨੂੰ ਰੋਗ ਲਗਾਇਆ ਏ, ਮੂੰਹ ਤੱਕਣੇ ਪਏ ਗ਼ਮਖਾਰਾਂ ਦੇ
ਇਹ ਇਸ਼ਕ ਦਾ ਰੋਗ ਅਵੱਲੜਾ ਏ, ਇਸ ਰੋਗ ਦਾ ਚਾਰਾ ਕੀ ਕਰਨੈ ਇਹ ਜ਼ਖਮ ਕਦੇ ਵੀ ਨਹੀਂ ਭਰਨੇ, ਇਹ ਜ਼ਖਮ ਨਹੀਂ ਤਲਵਾਰਾਂ ਦੇ
ਅਸੀਂ ਦਿਲ ਦੇ ਦੁੱਖੜੇ ਕਹਿੰਦੇ ਹਾਂ, ਤੁਸੀਂ ਸੁਣਕੇ ਚੁੱਪ ਹੋ ਬਹਿੰਦੇ ਹੋ ਐਵੇਂ ਰੁੱਠੜੇ ਰੁੱਠੜੇ ਰਹਿੰਦੇ ਹੋ, ਇਹ ਕੰਮ ਨਹੀਂ ਦਿਲਦਾਰਾਂ ਦੇ
ਇਹ ਕੰਮ ਨਹੀਂ ਤਕਸੀਰਾਂ ਦਾ, ਇਹ ਲਿਖਿਆ ਏ ਤਕਦੀਰਾਂ ਦਾ ਇੱਥੇ ਦੋਸ਼ ਨਹੀਂ ਤਦਬੀਰਾਂ ਦਾ, ਇਹ ਦੁੱਖ ਨੇ ਇਸ਼ਕ ਬਿਮਾਰਾਂ ਦੇ
ਕੀ ਹਾਲਤ ਪੁੱਛਣਾ ਏਂ 'ਸੂਫੀ' ਦੀ, ਇਸ ਤੇਰੀ ਮੁਹੱਬਤ ਦੇ ਪਿੱਛੇ ਸੌ ਗੱਲਾਂ ਸੁਣੀਆਂ ਗੈਰਾਂ ਦੀਆਂ, ਸੌ ਨਾਜ਼ ਉਠਾਏ ਯਾਰਾਂ ਦੇ

****************

## ਜ਼ਿੰਦਗੀ

ਜ਼ਿੰਦਗੀ ਦੀ ਕੀ ਕਦਰ ਪਛਾਨਣ, ਇਹ ਇਨਸਾਨ ਨਕਾਰੇ ਕੁੱਝ ਤਾਂ ਹੈਨ ਕੱਖਾਂ ਤੋਂ ਹੌਲੇ, ਕੁੱਝ ਪੱਥਰਾਂ ਤੋਂ ਭਾਰੇ
ਸੁੱਕੇ ਹੋਏ ਪੱਤਿਆਂ ਵਾਂਗੂੰ, ਇਹਨਾਂ ਦਾ ਅਕੜਾ ਐਂਵੇਂ ਝੂਠੀਆਂ ਚਮਕਾਂ ਮਾਰਨ, ਬੁੱਝੇ ਹੋਏ ਅੰਗਾਰੇ
ਇਸ ਧਰਤੀ ਦੇ ਜ਼ਰਰੇ ਉੱਡ ਉੱਡ ਚਮਕਣ ਵਿੱਚ ਫਿਜ਼ਾਵਾਂ ਇਸ ਧਰਤੀ ਦਾ ਵਾਸੀ ਬੈਠਾ, ਐਂਵੇਂ ਟੱਕਰਾਂ ਮਾਰੇ
ਬਿੱਟਰ ਬਿੱਟਰ ਤੱਕਦਾ ਫਿਰੇ ਤੇ ਨਜ਼ਰੀਂ ਕੁੱਝ ਨਾ ਆਵੇ ਅੱਖਾਂ ਬੰਦ ਤੇ ਦੇਸ਼ ਵਿਦੇਸ਼ ਦੇ ਲੈਂਦਾ ਫਿਰੇ ਨਜ਼ਾਰੇ
ਮੰਜ਼ਿਲ ਦਾ ਨਾਂ ਭੁੱਲਿਆ ਹੋਇਆ, ਯਾਦ ਨਾ ਉਸਨੂੰ ਆਵੇ ਘੁੰਮਣ ਘੇਰੀ ਦੇ ਵਿੱਚ ਤਰਦਾ, ਲੱਭਦਾ ਫਿਰੇ ਕਿਨਾਰੇ
ਚੰਦ ਦੀਆਂ ਖਬਰਾਂ ਲੈਕੇ ਆਵੇ, ਆਪਣੀ ਖ਼ਬਰ ਨਾ ਕੋਈ ਝੋਲੀ ਕੰਡਿਆਂ ਤੋਂ ਵੀ ਖਾਲੀ, ਚੁਣਦਾ ਫਿਰੇ ਸਿਤਾਰੇ
ਜ਼ਿੰਦਗੀ ਦੀ ਮੰਜ਼ਿਲ ਕੜੀ 'ਤਬਸੁੱਮ' ਦੂਰ ਦੁਰਾਡਾ ਪੈਂਡਾ ਸ਼ੇਅਰ ਕਹਿੰਦੇ ਕਹਿੰਦੇ ਕੱਟ ਲੈਂਦੇ, ਇਹ ਸ਼ਾਇਰ ਵਿਚਾਰੇ

## ਅੱਖਾਂ

ਅੱਖਾਂ ਮਿੰਨਤਾਂ ਕਰਦੀਆਂ ਤਰਲੇ ਲੈਂਦੀਆਂ, ਹਉਕੇ ਭਰਦੀਆਂ ਅੱਖਾਂ ਤੇਰੀ ਦੀਦ ਦੀ ਖਾਤਰ ਸੱਜਣਾ, ਕੀ ਕੁੱਝ ਕਰਦੀਆਂ ਅੱਖਾਂ
ਕਦੀ ਦਿਲਾਂ ਦੇ ਰਾਜ਼ ਛੁਪਾਵਣ, ਪਲਕਾਂ ਤੋਂ ਵੀ ਓਹਲੇ ਕਦੀ ਮੁਹੱਬਤ ਦੇ ਵਿੱਚ ਆਕੇ, ਗੱਲਾਂ ਕਰਦੀਆਂ ਅੱਖਾਂ
ਰਾਹ ਦਿਲਾਂ ਦੇ ਦੂਰ ਦੁਰਾਡੇ, ਨਜ਼ਰਾਂ ਤੋਂ ਨਹੀਂ ਮੁੱਕਦੇ ਦਿਲ ਦਿਲਾਂ ਵਿੱਚ ਆਪੇ ਝਕਦੈ, ਐਂਵੇਂ ਡਰਦੀਆਂ ਅੱਖਾਂ
ਉਹ ਮਤਵਾਲੀਆਂ ਮਸਤ ਨਿਗਾਹਾਂ, ਫੇਰ ਨਜ਼ਰ ਨੀ ਆਈਆਂ ਅਸਾਂ 'ਤਬਸੁੱਮ' ਤੱਕ ਕੇ ਛੱਡੀਆਂ, ਦੁਨੀਆਂ ਭਰ ਦੀਆਂ ਅੱਖਾਂ

***************




ਨਾ ਸ਼ਬਨਮ ਫੁੱਲ ਨੂੰ ਪੁੱਛਦੀ ਸੀ, ਨਾ ਫੁੱਲ ਸ਼ਬਨਮ ਨੂੰ ਦਸਦਾ ਸੀ ਜੋ ਰੋਂਦਾ ਸੀ ਸੋ ਰੋਂਦਾ ਸੀ, ਜੋ ਹੱਸਦਾ ਸੀ ਉਹ ਹੱਸਦਾ ਸੀ
ਜੇ ਅੱਜ ਬਰਬਾਦ ਸਾਡੀ ਜ਼ਿੰਦਗੀ ਹੋਈ, ਤੇ ਕੀ ਹੋਇਆ ਕਦੀ ਆਬਾਦ ਸੀ ਦੁਨੀਆ, ਕਦੀ ਇਹ ਦਿਲ ਵੀ ਵੱਸਦਾ ਸੀ
ਮੁਹੱਬਤ ਵਾਲ਼ਿਆਂ ਦੀ ਜ਼ਿੰਦਗੀ ਦਾ ਰਾਜ਼ ਕੀ ਪੁੱਛਣਾ ਏਂ ਨਾ ਕੋਈ ਹਾਲ ਪੁੱਛਦਾ ਸੀ, ਨਾ ਕੋਈ ਹਾਲ ਦੱਸਦਾ ਸੀ
ਖ਼ੁਦਾ ਜਾਣੇਂ ਮੁਹੱਬਤ ਦੀ ਕਹਾਣੀ, ਕੀ ਕਹਾਣੀ ਸੀ
ਕੋਈ ਸੁਣ ਸੁਣ ਕੇ ਰੋਂਦਾ ਸੀ, ਕੋਈ ਸੁਣ ਸੁਣ ਕੇ ਹੱਸਦਾ ਸੀ

******************************

ਹਰ ਖਿੱਤੇ ਦੇ ਕਵੀ ਗੀਤਕਾਰ ਦਾ ਆਪਣੇ ਵਤਨ ਆਪਣੀ ਮਿੱਟੀ ਨਾਲ ਡਾਹਢਾ ਮੋਹ ਹੁੰਦੈ। ਬੇਸ਼ੱਕ ਸੰਤਾਲੀ ਤੋਂ ਪਹਿਲਾਂ ਭਾਰਤ ਪਾਕਿਸਤਾਨ ਇਕ ਹੀ ਸੀ। ਸੰਤਾਲੀ ਦੀ ਵੰਡ ਤੋਂ ਬਾਅਦ ਦੋਵਾਂ ਮੁਲਕਾਂ ਦੇ ਸਬੰਧ ਤਰੇੜੇ ਗਏ। ਆਪਸੀ ਜੰਗਾਂ ਦਾ ਸਾਹਮਣਾ ਕਰਨਾ ਪਿਆ। ਦੋਵਾਂ ਮੁਲਕਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਭਾਰਤੀ ਗੀਤਕਾਰਾਂ, ਕਲਾਕਾਰਾਂ ਨੇ ਆਪਣੇ ਆਪਣੇ ਹੁਨਰ ਨਾਲ ਭਾਰਤੀ ਫੌਜ ਦਾ ਮਨੋਬਲ ਉੱਚਾ ਕੀਤਾ ਤੇ ਪਾਕਿਸਤਾਨੀ ਫ਼ਨਕਾਰਾਂ ਨੇ ਆਪਣੇ ਜੁਆਨਾਂ ਦੀ ਹੌਂਸਲਾ ਅਫਜ਼ਾਈ ਕੀਤੀ। ਇਸ ਤਰ੍ਹਾਂ ਪਾਕਿਸਤਾਨ ਵਿੱਚ ਸੂਫ਼ੀ ਤਬਸੁੱਮ ਦੇ ਲਿਖੇ ਦੇਸ਼ ਭਗਤੀ ਦੇ ਗੀਤਾਂ ਨੂੰ ਪਾਕਿਸਤਾਨ ਵਿੱਚ ਕਾਫੀ ਸਰਾਹਿਆ ਗਿਆ। 1965 ਦੀ ਭਾਰਤ ਪਾਕਿਸਤਾਨ ਜੰਗ ਵੇਲੇ ਸੂਫੀ ਤਬਸੁੱਮ ਦੇ ਲਿਖੇ ਗੀਤ ਜੋ ਨੂਰਜਹਾਂ ਨੇ ਰੇਡੀਓ ਤੇ ਰਿਕਾਰਡ ਕਰਵਾਏ -

ਇਹ ਪੁੱਤਰ ਹੱਟਾਂ ਤੇ ਨਹੀਂ ਵਿਕਦੇ, ਕੀ ਲੱਭਣੀ ਏਂ ਵਿੱਚ ਬਾਜ਼ਾਰ ਕੁੜੇ
ਇਹ ਦੇਣ ਏ ਮੇਰੇ ਦਾਤਾ ਦੀ,ਨਾਂ ਐਂਵੇਂ ਟੱਕਰਾਂ ਮਾਰ ਕੁੜੇ
ਇਹ ਪੁੱਤਰ ਹੱਟਾਂ ਤੇ ਨਹੀਂ ਵਿਕਦੇ

******************************

ਮੇਰਿਆ ਢੋਲ ਸਿਪਾਹੀਆ, ਤੈਨੂੰ ਰੱਬ ਦੀਆਂ ਰੱਖਾਂ ਅੱਜ ਤੱਕਦੀਆਂ ਤੈਨੂੰ ਸਾਰੇ ਜੱਗ ਦੀਆਂ ਅੱਖਾਂ
ਓ ਮੇਰਾ ਮਾਹੀ ਛੈਲ ਛਬੀਲਾ, ਹਾਏ ਨੀ ਕਰਨੈਲ ਨੀ ਜਰਨੈਲ ਨੀ
ਸਾਰੇ ਜੱਗ ਕੋਲੋਂ ਨਿਆਰਾ, ਸਾਨੂੰ ਚੰਨ ਕੋਲੋਂ ਪਿਆਰਾ
ਮੇਰਾ ਮਾਹੀ ਰੰਗ ਰੰਗੀਲਾ, ਹਾਏ ਨੀ ਕਰਨੈਲ ਨੀ ਜਰਨੈਲ ਨੀ
ਮੇਰਾ ਸੋਹਣਾ ਸ਼ਹਿਰ ਕਸੂਰ ਨੀ, ਹੋਇਆ ਦੁਨੀਆ ਵਿੱਚ ਮਸ਼ਹੂਰ ਨੀ

1962 ਵਿੱਚ ਤਬਸੁੱਮ ਨੂੰ ਪਾਕਿਸਤਾਨ ਦੇ ਵਕਾਰੀ ਐਵਾਰਡ 'ਪ੍ਰਾਈਡ ਆਫ ਪ੍ਰਫਾਰਮੈਂਸ' ਨਾਲ ਨਿਵਾਜਿਆ ਗਿਆ। 1966 ਵਿੱਚ ਇਰਾਨ ਸਰਕਾਰ ਨੇ ਤਮਗਾ-ਏ-ਨਿਸ਼ਾਨ-ਏ-ਸਿਪਾਸ ਨਾਲ ਨਿਵਾਜਿਆ।

ਸੂਫੀ ਸਾਹਿਬ ਨੂੰ ਪਾਕਿਸਤਾਨ ਦੇ ਤੀਸਰੇ ਵੱਡੇ ਐਵਾਰਡ 'ਸਿਤਾਰੇ -ਏ- ਇਮਤਿਆਜ' ਵੀ ਹਾਸਲ ਹੋਇਆ।

ਮਹਾਨ ਚਿੰਤਕ, ਵੱਡੇ ਸ਼ਾਇਰ, ਤਿੰਨ ਭਾਸ਼ਾਵਾਂ ਦੇ ਗੂੜ੍ਹ ਗਿਆਨੀ ਜਨਾਬ ਸੂਫੀ ਗੁਲਾਮ ਮੁਸਤਫ਼ਾ ਤਬਸੁੱਮ ਸਾਹਿਤ ਦੀ ਦੁਨੀਆ ਵਿਚ ਖਲਾਅ ਪੈਦਾ ਕਰ ਕੇ 7 ਫਰਵਰੀ 1978 ਨੂੰ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਏ-

ਪਰ ਸਾਹਿਤ ਵਿਚ ਉਹਨਾਂ ਦੇ ਕਾਰਜ ਨੂੰ ਸਦੀਆਂ ਤੱਕ ਚੇਤੇ ਕੀਤਾ ਜਾਵੇਗਾ। ਮਰਨ ਉਪਰੰਤ 2023 ਵਿੱਚ ਪਾਕਿਸਤਾਨ ਸਰਕਾਰ ਨੇ ਸੂਫ਼ੀ ਸਾਹਿਬ ਨੂੰ ਪਾਕਿਸਤਾਨ ਦੇ ਸਭ ਤੋਂ ਵੱਡੇ ਐਵਾਰਡ ਨਿਸ਼ਾਨ-ਏ-ਇਮਤਿਆਜ਼ ਨਾਲ ਨਿਵਾਜਿਆ।

ਉਹਨਾਂ ਦੇ ਚਲਾਣੇ ਤੋਂ ਬਾਅਦ ਅਖਤਰ ਹੁਸੈਨ, ਫਰੀਦਾ ਖਾਨਮ, ਖਲੀਲ ਅਹਿਮਦ, ਗੁਲਾਮ ਅਲੀ, ਹਸਨ ਲਤੀਫ਼ ਲਿਲਕ, ਕਰੀਮ ਸ਼ਹਾਬੁਦੀਨ ਅਤੇ ਅਲਤਾਫ ਹੁਸੈਨ ਦੀਆਂ ਆਵਾਜ਼ਾਂ ਵਿੱਚ ਈ.ਐਮ.ਆਈ. ਕਰਾਚੀ ਨੇ ਦਿਸੰਬਰ 1978 ਵਿੱਚ ਉਹਨਾਂ ਨੂੰ ਸ਼ਰਧਾਂਜਲੀ ਵੱਜੋਂ ਇੱਕ ਐਲ ਪੀ ਰਿਕਾਰਡ ਵੀ ਬਣਾਇਆ ਜਿਸਦਾ ਟਾਈਟਲ ਐ "ਏ ਟ੍ਰਿਬਿਊਟ ਟੂ ਸੂਫ਼ੀ ਗੁਲਾਮ ਮੁਸਤਫ਼ਾ ਤਬਸੁੱਮ" ਇਸ ਰਿਕਾਰਡ ਦਾ ਲੜੀ ਨੰਬਰ ਐ EMCP 5095

ਅੰਤ ਵਿੱਚ ਮੈਂ ਧੰਨਵਾਦੀ ਹਾਂ ਸੂਫੀ ਸਾਹਿਬ ਦੀ ਪੋਤਰੀ ਡਾ ਸੋਫੀਆ ਤਬਸੁੱਮ ਦਾ ਜਿਹਨਾਂ ਨੇ ਬਹੁਤ ਰੁਝੇਵਿਆਂ ਭਰੇ ਵਕਤ ਵਿੱਚੋਂ ਮੈਨੂੰ ਵਕਤ ਦਿੱਤਾ ਜਿਸ ਦੀ ਬਦੌਲਤ ਇਹ ਜਾਣਕਾਰੀ ਮੈਂ ਤੁਹਾਡੇ ਨਾਲ ਸਾਂਝੀ ਕਰ ਸਕਿਆ

facebook

## ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਯਾਦਾਂ ਪੁਲਾੜ੍ਹੇ ਮੇਲੇ ਦੀਆਂ



ਜੋਗਾ ਅਤੇ ਪੱਖੋ ਕਲਾਂ ਦੀ ਹੱਦ ਤੇ ਲੱਗਦਾ ਮੇਲਾ ਪੀਂਘ ਪੁਲਾੜ੍ਹਾ ਦਾ ਪਿਛੋਕੜ ਕੌਰਵਾਂ ਪਾਡਵਾਂ ਨਾਲ ਜੁੜਦਾ ਹੈ। ਇੱਥੇ ਇੱਕ ਵੱਡੀ ਝਿੜ੍ਹੀ ਸੀ ਜਿਸ ਵਿੱਚ ਕੁੱਝ ਵਣ , ਕਰੀਰ , ਪਿੱਪਲ ਬੋਹੜ ਵਰਗੇ ਦਰਖਤ ਅੱਜ ਵੀ ਖੜ੍ਹੇ ਹਨ। ਪੁਰਾਤਨ ਲਿਖਤਾਂ ਮੁਤਾਬਿਕ ਕੌਰਵਾਂ ਪਾਡਵਾਂ ਨੇ ਬਨਵਾਸ ਦਾ ਕੁੱਝ ਸਮਾਂ ਇੱਥੇ ਗੁਜਾਰਿਆ ਸੀ ਅਤੇ ਦਰਖਤਾਂ ਉੱਪਰ ਪੀਂਘ ਪਲਾਂਘੜ ਖੇਡਦੇ ਸਨ ਜਿਸ ਕਰਕੇ ਇਸ ਦਾ ਨਾਮ ਪੀਂਘ ਪੁਲਾੜ੍ਹਾ ਪੈ ਗਿਆ। ਹਿੰਦੂ ਮਤ ਅਨੁਸਾਰ ਇਸਨੂੰ ਵੱਡਾ ਤੀਰਥ ਸਮਝਿਆ ਜਾਂਦਾ ਸੀ ਤੇ ਲੋਕ ਦੂਰ ਦੂਰ ਤੋਂ ਆਉਂਦੇ ਸਨ। ਹੌਲੀ ਹੌਲੀ ਇਹ ਤੀਰਥ ਸ਼ਰਧਾ ਤੋਂ ਸ਼ੁਗਲ ਮੇਲੇ ਵਿੱਚ ਬਦਲ ਗਿਆ।

ਚੇਤ ਚੌਦੇਂ ਤੂੰ ਸ਼ੁਰੂ ਤਿੰਨ ਦਿਨਾਂ ਇਹ ਮੇਲਾ ਕੱਲ੍ਹ ਲੰਘ ਕੇ ਗਿਆ ਪਰ ਪਹਿਲਾਂ ਵਰਗੀ ਗਹਿਮਾ ਗਹਿਮੀ ਨਹੀਂ ਸੀ , ਕੋਈ ਵਿਰਲੀ ਟਾਵੀਂ ਟਰਾਲੀ ਲੰਘ ਰਹੀ ਸੀ। ਇਹ ਸਭ ਵੇਖ ਕੇ ਬਚਪਨ ਦੇ ਦਿਨਾਂ ਵਿੱਚ ਇਸ ਮੇਲੇ ਦੀਆਂ ਕਈ ਯਾਦਾਂ ਜਿਹਨ ਚ ਘੁੰਮ ਗਈਆਂ, ਜਦੋਂ ਮੇਲੀਆਂ ਦਾ ਰਾਹ ਭਰਿਆ ਜਾਂਦਾ ਹੁੰਦਾ ਸੀ। ਉਦੋਂ ਮਨੋਰੰਜਨ ਦਾ ਕੋਈ ਸਾਧਨ ਨਾ ਹੋਣ ਕਰਕੇ ਬੱਚੇ, ਜਵਾਨਾਂ ਤੋਂ ਲੈਕੇ ਬੁੱਢਿਆਂ ਤੱਕ ਚਾਅ ਹੁੰਦਾ ਸੀ। ਰਾਹ ਜਾਂਦੀਆਂ ਟਰਾਲੀਆਂ ਅਤੇ ਮੇਲੇ ਚ ਬੱਚਿਆਂ ਦੇ ਵਾਜਿਆਂ ਦੀ ਪੀਂ ਪੀਂ , ਬੰਸਰੀਆਂ ਦੀ ਮਧੁਰ ਤੇ ਮਿੱਠੀ ਅਵਾਜ਼ , ਜਲੇਬੀਆਂ ਪਕੌੜਿਆਂ ਦੀ ਮਹਿਕ , ਵਣਜਾਰਿਆ ਦੀਆਂ ਅਵਾਜ਼ਾਂ , ਚੰਡੋਲ ਦੇ ਝੂਟੇ , ਪਾਣੀ ਵਾਲੀਆਂ ਰੰਗਦਾਰ ਕੁਲਫੀਆਂ ਦੀ ਖਿੱਚ ਮੇਲੇ ਵੱਲ ਮੱਲੋਮੱਲੀ ਖਿੱਚ ਕੇ ਲੈ ਜਾਂਦੀ। ਲੱਕੜ ਦੇ ਟਰੈਕਟਰ , ਲੱਕੜ ਦਾ ਤੋਤੇ ਵਾਲੇ ਗੜ੍ਹੀਰਾ , ਚਾਬੀ ਵਾਲਾ ਟਰੈਕਟਰ , ਘੰਟੀ ਵਾਲਾ ਪਹੀਆ, ਵਾਜੇ ਪੀਪਣੀਆਂ , ਮੁੱਛਾਂ ਵਾਲੀ ਪੀਪਣੀਆਂ ਹੀ ਮੁੱਖ ਖਿਡੌਣੇ ਹੁੰਦੇ ਸੀ, ਜਿਨ੍ਹਾਂ ਨੂੰ ਖਰੀਦ ਕੇ ਕਿਸੇ ਬਾਦਸ਼ਾਹ ਵਰਗਾ ਅਹਿਸਾਸ ਹੁੰਦਾ। ਕਿੱਸਿਆਂ ਤੇ ਚਿੱਠਿਆਂ ਵਾਲੀਆਂ ਸਜੀਆਂ ਹੋਈਆਂ ਦੁਕਾਨਾਂ, ਚਿੱਠਿਆਂ ਤੇ ਲੱਗੀਆਂ ਸਦੀਕ, ਮਾਣਕ, ਛਿੰਦੇ, ਰਣਜੀਤ ਕੌਰ ਤੇ ਗੁਲਸ਼ਨ ਕੋਮਲ ਦੀਆਂ ਫੋਟੋਆਂ ਆਪਣੇ ਵੱਲ ਖਿੱਚਦੀਆਂ। ਘਰੋਂ ਮਿਨਤਾਂ ਕਰਕੇ , ਜਾਂ ਫਿਰ ਰੋ ਧੋ ਕੇ ਦੋ ਚਾਰ ਰੁਪੈ ਮਿਲ ਜਾਣੇ ਤਾਂ ਬਹਿ ਜਾ ਬਹਿਜਾ ਹੋ ਜਾਣੀ। ਗੱਭਰੂਆਂ ਮੁਟਿਆਰਾਂ ਲਈ ਸਜੇ ਵਣਜਾਰਿਆ ਦੇ ਬਜਾਰ , ਜਿੱਧਰ ਭੀੜ ਵੇਲੇ ਮੁੰਡਿਆਂ ਦੇ ਜਾਣ ਦੀ ਮਨਾਹੀ ਹੁੰਦੀ। ਕਈ ਮਨਚਲੇ ਜਾ ਵੀ ਵੜਦੇ ਤੇ ਡਾਂਗ ਵੀ ਵਰ੍ਹ ਜਾਂਦੀ। ਲਾਲ ਪਰੀ ਦੇ ਸ਼ੌਕੀਨਾਂ ਲਈ ਵੀ ਇਹ ਮੇਲਾ ਵਰਦਾਨ ਹੁੰਦਾ ਸੀ। ਵੱਖ ਵੱਖ ਜਿਲਿਆਂ ਦੇ ਦੋ ਪਿੰਡਾਂ ਦੀ ਹੱਦ ਅਤੇ 31 ਮਾਰਚ ਨੇੜੇ ਹੋਣ ਕਰਕੇ ਇੱਕ ਦੂਜੇ ਨਾਲ ਜਿਦ ਕੇ ਰੇਟ ਘੱਟ ਕਰਕੇ ਵੇਚਦੇ। ਨੇੜੇ ਵਾਢੀ ਹੋਣ ਕਰਕੇ ਡੱਬਿਆਂ ਦੇ ਡੱਬੇ ਲੋਕ ਚੁੱਕ ਲਿਜਾਂਦੇ। ਠੇਕੇਦਾਰਾਂ ਦੀ ਲੜਾਈ ਵੀ ਹੁੰਦੀ ਅਤੇ ਸਸਤੀ ਪੀਕੇ ਲੋਕ ਵੀ ਲੜਦੇ। ਘਰਦੀ ਦੇ ਸ਼ੌਕੀਨ ਵੀ ਆਪਣਾ ਕੋਟਾ ਰਿਸ਼ਤੇਦਾਰਾਂ ਦੇ ਆਉਣ ਦੇ ਹਿਸਾਬ ਨਾਲ ਜਮ੍ਹਾਂ ਕਰਕੇ ਰੱਖਦੇ। ਮੇਲੇ ਚ ਚਲਾਕ ਬੰਦਾ ਚਾਰ ਚੁਫੇਰੇ ਅੱਖ ਰੱਖਦਾ , ਜਦ ਡਾਂਗ ਖੜਕਦੀ ਤਾਂ ਨਿੱਕਲ ਜਾਂਦਾ ਤੇ ਕਈ ਵਾਰ ਭੋਲਾ ਫਸ ਜਾਂਦਾ। ਇੱਕ ਵਾਰ ਸਾਡੇ ਸਾਥੀਆਂ ਦੀ ਪੁਲਿਸ ਨਾਲ ਲੜਾਈ ਹੋ ਗਈ ਅਸੀਂ ਤਾਂ ਤਿੱਤਰ ਹੋ ਗਏ ਪਰ ਗਵਾਂਢੀਆਂ ਦਾ ਸ਼ੀਰੀ ਸੁਦਾਗਰ ਨੇ ਇੱਕ ਪੁਲਸ ਵਾਲੇ ਨੂੰ ਜੱਫ ਲਾ ਲਿਆ। ਨਾ ਉਹਦੇ ਕੁੱਝ ਮਾਰੇ , ਨਾ ਆਪ ਖਾਵੇ , ਨਾ ਉਹਨੂੰ ਛੱਡੇ ਬੱਸ ਜੱਫਾ ਭਰ ਕੇ ਖੜ੍ਹਾ ਰਿਹਾ। ਐਨੇ ਨੂੰ ਹੋਰ ਪੁਲਸੀਏ ਆ ਗਏ ਤੇ ਉਨ੍ਹਾਂ ਡੇਗ ਲਿਆ। ਜਦ ਛੁਡਵਾ ਕਿ ਲਿਆਂਦਾ ਤਾਂ ਕਹਿੰਦਾ ਕਿ ਮੈਂ ਤਾਂ ਡਰਦਾ ਹੀ ਜੱਫਾ ਮਾਰੀ ਖੜ੍ਹਾ ਸੀ , ਵੀ ਜੇ ਛੱਡ ਦਿੱਤਾ ਤਾਂ ਡਾਂਗ ਫੇਰੂ। ਵੈਸੇ ਬੁੜੀ ਹੋਈ ਹਰੇਕ ਹੀ ਅੰਮਾਂ ਕਹਾਉਂਦੀ ਹੁੰਦੀ ਐ ਉਦੋਂ ਤਾਂ ਹਾਸੇ ਮਜਾਕ ਚ ਵਣਜਾਰਿਆ ਦਾ ਸਮਾਨ ਬਹੁਤ ਚੁੱਕਦੇ ਹੁੰਦੇ ਸੀ। ਸਾਡੇ ਗਵਾਂਢੀ ਚਮਕੌਰ ਸਿੰਘ ਕੌਰਾ ਤੇ ਬਲਦੇਵ ਇਸ ਕੰਮ ਚ ਸਪੈਸ਼ਲਿਸਟ ਸਨ। ਹੁੰਦੜਹੇਲ ਹੋਣ ਕਰਕੇ ਬਲਦੇਵ ਨੂੰ ਅਸੀਂ ਚੌੜ ਚ ਮੂਜੂ ਵੀ ਕਹਿ ਦਿੰਦੇ ਸੀ। ਇੱਕ ਵਾਰ ਪਾਲ ਤੇ ਕੌਰਾ ਬਲਦੇਵ ਨੂੰ ਕਹਿਣ ਲੱਗੇ ਕਿ ਤੈਨੂੰ ਤਾਂ ਮੰਨਾਂ ਜੇਕਰ ਉਹ ਦੁਕਾਨ ਵਾਲੇ ਦੇ ਹੱਥ ਵਿਚਲਾ ਤਾਰ ਤੇ ਨੱਚਣ ਵਾਲਾ ਬਾਂਦਰ ਲੈਕੇ ਆਵੇਂ। ਉਸ ਨੇ ਚੈਲਿੰਜ ਕਬੂਲ ਲਿਆ, ਕਿੱਲੋ ਜਲੇਬੀਆਂ ਦੀ ਸਰਤ ਲੱਗ ਗਈ। ਪਹਿਲਾਂ ਤਾਂ ਰੇਹੜੀ ਕੋਲ ਖੜ੍ਹਾ ਰਿਹਾ , ਅੱਖ ਬਚਾ ਕੇ ਬਾਂਦਰ ਚੁੱਕ ਲਿਆ। ਦੋਕੁ ਮਿੰਟਾਂ ਬਾਅਦ ਗੇੜਾ ਦੇ ਕੇ ਕਹਿੰਦਾ ਕਿ ਤੇਰੇ ਹੱਥ ਵਿਚਲਾ ਬਾਂਦਰ ਵਾਹਲਾ ਨੱਚਦੈ , ਮੇਰੇ ਵਾਲਾ ਨਹੀਂ। ਉਹ ਕਹਿੰਦਾ ਕਿ ਤੈਨੂੰ ਵਹਿਮ ਐ , ਆਹ ਲੈਜਾ , ਇੱਕੋ ਹੀ ਗੱਲ ਐ। ਉਹਦੇ ਹੱਥ ਵਿਚਲਾ ਬਾਂਦਰ ਫੜਿਆ ਤੇ ਉਹਨੂੰ ਲਿਆ ਕੇ ਫੜ੍ਹਾ ਦਿੱਤਾ ਤੇ ਸਰਤ ਜਿੱਤ ਲਈ। ਕਿੱਲੋ ਜਲੇਬੀਆਂ ਸਭ ਨੇ ਰਲ ਮਿਲ ਕੇ ਖਾਧੀਆਂ। ਇਹ ਨਿੱਕੀਆਂ ਨਿੱਕੀਆਂ ਸਰਾਰਤਾਂ ਉਦੋਂ ਮਨ ਨੂੰ ਖ਼ੁਸ਼ੀ ਦਿੰਦਿਆਂ ਸਨ ਪਰ ਹੁਣ ਸੋਚੀਦੈ ਕਿ ਐਂਵੇ ਚੌੜ ਚੌੜ ਚ ਕਿਸੇ ਦੀ ਗ਼ਰੀਬ ਮਾਰ ਹੀ ਕਰੀ ਜਾਂਦੇ ਸੀ।

ਫਿਰ ਪਲਾੜ੍ਹੇ ਇੱਕ ਦੀਵਾਨ ਲਾਉਣ ਵਾਲਾ ਪ੍ਰਚਾਰਕ ਬਾਬਾ ਆ ਗਿਆ , ਜਿਸ ਨੇ ਇਸ ਦਾ ਨਾਮ ਬਦਲ ਕੇ ਅਕਾਲਪੁਰਾ ਪੁਲ੍ਹਾੜਾ ਰੱਖ ਦਿੱਤਾ। ਪੁਰਾਣਾ ਤਲਾਅ ਵੀ ਪੁਟਵਾ ਦਿੱਤਾ ਅਤੇ ਉੱਚਾ ਕਰਕੇ ਨਵਾਂ ਬਣਵਾ ਦਿੱਤਾ। ਸੇਵਦਾਰਾਂ ਨੇ ਮੇਲੇ ਚ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ, ਲੋਕ ਘੱਟ ਜਾਣ ਲੱਗ ਗਏ। ਹਿੰਦੂਆਂ ਭਾਈਚਾਰੇ ਨੇ ਤਲਾਅ ਪੁੱਟੇ ਜਾਣ ਦਾ ਅੰਦਰੋਂ ਅੰਦਰੀ ਇਤਰਾਜ਼ ਵੀ ਕੀਤਾ ਪਰ ਜਮਾਨਾ ਅੱਜ ਵਰਗਾ ਨਹੀਂ ਸੀ , ਨਹੀਂ ਪਤਾ ਨਹੀਂ ਕਿੱਡਾ ਕੁ ਵਿਵਾਦ ਛਿੜ ਗਿਆ ਹੁੰਦਾ। ਫਿਰ ਹੌਲੀ ਹੌਲੀ ਬਾਬਾ ਵੀ ਛੱਡ ਗਿਆ , ਪੁਰਾਣਾ ਤਲਾਅ ਦੁਬਾਰਾ ਬਣਾਇਆ ਗਿਆ। ਹੁਣ ਮੇਲਿਆਂ ਚ ਰੌਣਕਾਂ ਉਂਝ ਵੀ ਘਟ ਗਈਆਂ। ਸਭ ਕੁੱਝ ਮੋਬਾਈਲ ਹੜੱਪ ਕਰ ਗਿਆ। ਗੱਲ ਕਹਿਣ ਤੇ ਸਹਿਣ ਦਾ ਜਮਾਨਾ ਨਹੀਂ ਰਿਹਾ ਇਸ ਕਰਕੇ ਹਰ ਇੱਕ ਇਕੱਠਾਂ ਤੋਂ ਚਲਣ ਲੱਗ ਪਿਆ। ਹੁਣ ਤਾਂ ਇੰਝ ਲੱਗਦਾ ਕਿ ਇਹ ਮੇਲੇ ਹੁਣ ਬੀਤੇ ਦੀਆਂ ਗੱਲਾਂ ਹੀ ਰਹਿ ਗਏ।

**(ਮੇਲਿਆਂ ਦੇ ਪੁਰਾਣੇ ਸੱਭਿਆਚਾਰ ਦੀ ਬਾਤ ਪਾਉਂਦਾ,ਮੁਖਤਿਆਰ ਪੱਖੋ ਦੀ ਬਿਜਲਈ ਕੰਧ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)**




ਡਾ. ਬਲਵਿੰਦਰ ਕੌਰ ਬਰਾੜ
403 590 9629

# ਉਹ ਵੇਲਾ ਯਾਦ ਕਰ



# ਜੋ ਨਹੀਂ ਚਾਹੀਦਾ ਉਹ ਜੇਬ ਵਿੱਚ, ਘਰ ਵਿੱਚ, ਦਿਲ ਜਾਂ ਦਿਮਾਗ ਵਿੱਚ ਨਾ ਰੱਖੋ।

ਮੈਂ ਤਾਂ ਘਰ ਨੂੰ
ਸੁਹਜ, ਸੁਹੱਪਣ, ਬਰਕਤ,
ਖ਼ੁਸ਼ੀਆਂ, ਖੇੜੇ ਦੇਵਾਂ
ਉਹ ਤਾਂ ਇੱਕ ਮਹੀਨੇ ਮਗਰੋਂ
ਬਸ ਆਪਣੀ ਤਨਖਾਹ ਦਿੰਦਾ ਏ।

\- ਨੀਲੂ ਜਰਮਨੀ

ਇਹ ਸਭ ਨੂੰ ਪਤਾ ਹੈ ਕਿ ਅਸੀਂ ਜਨਮ ਸਮੇਂ ਬਿਨਾ ਕਿਸੇ ਵਸਤ ਤੋਂ ਨਿਰਵਸਤਰ ਜਾਂ ਖਾਲੀ ਹੱਥ ਹੀ ਜੱਗ ’ਤੇ ਆਉਂਦੇ ਹਾਂ। ਫੇਰ ਬਚਪਨ ਤੋਂ ਹੀ ਸਾਮਾਨ ਜੋੜਨ ਲਗਦੇ ਹਾਂ। ਅਖੀਰ ਸਭ ਕੁੱਝ ਵਿੱਚੇ ਛੱਡ-ਛਡਾ ਕੇ ਤੁਰ ਜਾਂਦੇ ਹਾਂ। ਸਾਨੂੰ ਚੁਫੇਰੇ ਦਾ ਖਿਲਾਰਾ ਭਰਮਾ ਲੈਂਦਾ ਹੈ। ਸਾਰੀ ਉਮਰ ਅਸੀਂ ਆਪਣਾ ਵਿਤ ਮੰਡੀ ਸੰਗ ਤੋਲਦੇ, ਸਾਮਾਨ ਜੁਟਾ ਕੇ ਆਪਣੇ ਆਪ ਤੋਂ ਜਾਂ ਆਪਣਿਆਂ ਤੋਂ ਵੀ ਦੂਰ ਜਾ ਨਿਕਲਦੇ ਹਾਂ। ਜਾਇਜ਼ ਨਾਜਾਇਜ਼, ਸਭ ਰਾਹਾਂ ਤੋਂ ਹੀ ਵੰਨ-ਸੁਵੰਨੀਆਂ ਕਾਰਾਂ, ਘਰ, ਵਸਤਾਂ, ਕੱਪੜੇ, ਗਹਿਣੇ, ਭਾਂਡੇ, ਫ਼ਰਨੀਚਰ ਤੇ ਹੋਰ ਲਕਾ-ਤੁਕਾ ਇਕੱਠਾ ਕਰੀ ਜਾਂਦੇ ਹਾਂ। ਕਈ ਵਾਰੀ ਦੀਨ ਈਮਾਨ ਵੀ ਖੋ ਬੈਠਦੇ ਹਾਂ, ਸਕਿਆਂ ਦਾ ਖ਼ੂਨ ਵੀ ਪਾਣੀ ਕਰੀ ਜਾਂਦੇ ਹਾਂ। ਸਾਹਾਂ ਦੀ ਮੁਹਲਤ ਪੁੱਗੀ ਤੋਂ ਜਿਸ ਧਰਤੀ ਦੇ ਇੰਤਕਾਲ ਲਈ ਹੌਂਕਦੇ ਸੀ, ਆਪਣੇ ਇੰਤਕਾਲ਼ ਮਗਰੋਂ ਉਸੇ ਵਿੱਚ ਜਾ ਬਿਖਰਦੇ ਹਾਂ। ਇਸ ਵਿੱਚ ਸ਼ੱਕ ਨਹੀਂ ਕਿ ਜਿਉਂਦੀ ਜਾਨ ਨੂੰ ਸੌ ਗ਼ਰਜ਼ਾਂ ਲਈ ਵਸਤਾਂ ਦੀ ਲੋੜ ਵੀ ਹੈ। ਭੁੱਖੇ ਢਿੱਡ ਨੂੰ ਮੇਟਣ ਲਈ ਕੁੱਝ ਤਾਂ ਚਾਹੀਦਾ ਹੈ ਪਰ ਸਬਰ ਤੱਕ ਨਹੀਂ ਰੁਕਦੇ, ਸਗੋਂ ਹਾਬੜਾ ਪਾਲ਼ ਲੈਂਦੇ ਹਾਂ, ਜੋ ਵੱਡਾ ਰੋਗ ਬਣਦਾ ਹੈ। ਸਭ ਲੋੜਾਂ ਥੋੜਾਂ ਦੀਆਂ ਖੱਡਾਂ ਬੰਦ ਕਰਦਾ ਬੰਦਾ ਆਪਣੀਆਂ ਚਾਹਤਾਂ ਦਾ ਗਲ਼ਾ ਘੁਟਦਾ ਹੈ। ਬਾਹਰਲੀ ਦੁਨੀਆਂ ਸਰ ਕਰਦਾ ਅੰਦਰਲੀ ਦੁਨੀਆਂ ਤਹਿਸ ਨਹਿਸ ਕਰ ਲੈਂਦਾ ਹੈ। ਵਸਤਾਂ ਆਪਣੀ ਕਿਸਮ, ਰੰਗ-ਰੂਪ, ਲੋੜ ਅਤੇ ਰੁਚੀ ਸਭ ਵਟਾ ਕੇ ਨਿੱਤ ਹੋਰ ਦੀਆਂ ਹੋਰ ਹੋ ਜਾਂਦੀਆਂ ਹਨ। ਸਾਡੇ ਅੰਦਰ ਸੱਖਣ ਬੀਜ ਧਰਦੀਆਂ ਹਨ। ਸਾਡੇ ਕੋਲ਼ੋਂ ਕਈ ਲੋਕ ਵਿਦਾ ਹੋ ਗਏ ਜੋ ਪੂਰੀ ਜ਼ਿੰਦਗੀ ਇਤਰ ਲਗਾ ਰਖਦੇ ਸੀ ਪਰ ਉਨ੍ਹਾਂ ਦੀ ਰਾਖ ਤੋਂ ਖ਼ੁਸ਼ਬੂ ਮਨਫ਼ੀ ਰਹੀ। ਚੀਜ਼ਾਂ ਦੀਆਂ ਕਿਸਮਾਂ ਨੇ ਲਿਫ਼ਾਫ਼ੇ ਜਾਂ ਦਿਖਾਵਾ-ਰੁਚੀ ਨੂੰ ਹਾਕ ਮਾਰੀ ਹੈ। ਸਮਾਜ ਦਾ ਮੁਹਾਂਦਰਾ ਹੀ ਬਦਲ ਧਰਿਆ ਹੈ। ਪਹਿਲਾਂ ਅਸੀਂ ਕੁਦਰਤ ਦੀ ਗੋਦ ਪਲ਼ਦੇ ਪੱਤਿਆਂ ’ਤੇ ਰੱਖ ਕੇ ਖਾਂ ਲੈਂਦੇ ਹੋਣੈ। ਉਹੀ ਪੱਤੇ ਫੇਰ ਧਰਤ ਹਵਾਲੇ ਹੋ ਜਾਂਦੇ ਸੀ, ਡਿਨਰ ਸੈੱਟਾਂ ਤੋਂ ਹੁਣ ‘ਵਰਤੋ ਤੇ ਸੁੱਟੋ’ ਤੱਕ ਅੱਪੜੇ ਅਸੀਂ ਬਜ਼ੁਰਗਾਂ ਨੂੰ ਵੀ ਸੁੱਟਣਯੋਗ ਹੀ ਜਾਣਦੇ ਹਾਂ। ਬਰਤਨਾਂ ਵਾਂਗ ਰਿਸ਼ਤੇ ਵੀ ਨਿੱਤ ਬਦਲਣ ਦੇ ਰਾਹ ਜਾ ਪਏ ਹਨ। ਕਈਆਂ ਨੂੰ ਖ਼ਰੀਦਣ ਦੀ ਬੀਮਾਰੀ ਹੈ। ਇਕੱਠੀਆਂ ਹੋਈਆਂ ਦੀ ਛਾਂਟੀ ਕਰਦੇ ਅਣਲੱਗ ਵਸਤਾਂ ਵੀ ਬਾਹਰ ਵਗਾਹ ਮਾਰਦੇ ਹਨ। ਹੁਣ ਵਸਤਾਂ ਹੰਢਣਸਾਰ ਨਹੀਂ ਸਗੋਂ ਅਸਥਿਰ ਮਨਾਂ ਵਾਂਗ ਨਿੱਤ ਨਵੀਆਂ ਹੀ ਲੋੜੀਦੀਆਂ ਹਨ। ਇੱਕ ਵਾਰੀ ਅਸੀਂ ਕਿਸੇ ਦਾ ਘਰ ਵਿਕਣ ’ਤੇ ਮਿਲਣ ਗਏ, ਉਹ ਕਿਸੇ ਤੋਂ ਸਫ਼ਾਈ ਕਰਵਾ ਰਹੇ ਸਨ। ਥੋੜੇ ਚਿਰ ਪਿੱਛੋਂ ਸਫ਼ਾਈ ਵਾਲ਼ਾ ਮੁੰਡਾ ਮੰਜੇ ਹੇਠੋਂ ਇੱਕ ਬੰਦ ਟਰੰਕ ਲੈ ਆਇਆ। ਮਾਲਕਣ ਨੇ ਕਿਹਾ,” ਇਸ ਨੂੰ ਬਣਿਆਂ-ਤਣਿਆਂ ਤੂੰ ਹੀ ਲੈ ਜਾ, ਜਿਹੜਾ ਤਿੰਨ ਸਾਲ ਤੋਂ ਕੰਮ ਨਹੀਂ ਆਇਆ ਹੁਣ ਕੀ ਕਰਨੈਂ”। ਇਸ ਤਰ੍ਹਾਂ ਦੇ ਟਰੰਕ ਹਰ ਘਰ ’ਚ ਪਏ ਹੋਣਗੇ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਜੋ ਨਹੀਂ ਚਾਹੀਦਾ ਉਹ ਜੇਬ ਵਿੱਚ, ਘਰ ਵਿੱਚ, ਦਿਲ ਜਾਂ ਦਿਮਾਗ ਵਿੱਚ ਨਾ ਰੱਖੋ। ਵਸਤਾਂ ਦੇ ਇਸ ਵਾਧੂ ਭਾਰ ਨੇ ਜ਼ਿੰਦਗੀ ਦੀ ਨੁਹਾਰ, ਰਫ਼ਤਾਰ ਅਤੇ ਗੁਫ਼ਤਾਰ ਹੀ ਬਦਲ ਧਰੀ ਹੈ। ਅਸੀਂ ਪੰਜਾਬ ਨੂੰ ਜਾਂਦੇ-ਆਉਂਦੇ ਅਟੈਚੀ ਲੱਦੇ-ਲਦਾਏ ਹੀ ਜਾਂਦੇ ਆਉਂਦੇ ਹਾਂ। ਮੇਰੇ ਸਹਿਕਰਮੀ ਪ੍ਰੋ. ਨਰਿੰਦਰ ਕਪੂਰ ਜੀ ਆਖਦੇ ਹਨ ਕਿ ਸਾਡਾ ਸਾਮਾਨ ਸਾਡੇ ਨਾਲ਼ ਪੰਜਾਬੀ ਦਾ ਸਫ਼ਰ ਕਰਦਾ ਹੈ, ਅਸੀਂ ਸਭ ਉਸ ਨਾਲ਼ ਅੰਗ੍ਰੇਜ਼ੀ ਵਾਲ਼ਾ Suffer (ਤਕਲੀਫ਼ ਝੱਲਣਾ) ਕਰਨ ਲਗਦੇ ਹਾਂ। ਬਾਬਾ ਨਾਨਕ ਨੇ ਮਰਦਾਨੇ ਨੂੰ ਉਦਾਸੀ ’ਤੇ ਜਾਣ ਸਮੇਂ ਸਾਮਾਨ ਚੁਕਣ ਦੀ ਮਨਾਹੀ ਕੀਤੀ ਸੀ ਕਿ ਇਹ ਜ਼ਿੰਦਗੀ ਵੀ ਇੱਕ ਸਫ਼ਰ ਹੈ, ਵਾਧੂ ਭਾਰ ਨਾਲ਼ ਔਖੀ ਹੋ ਜਾਂਦੀ ਹੈ। ਇਸੇ ਦੀ ਪੁਸ਼ਟੀ ਕਰਦੀ ਇੱਕ ਮਿਸਾਲ ਹੈ ਕਿ ਲਤਾ ਮੰਗੇਸ਼ਕਰ ਹਸਪਤਾਲ ਵਿੱਚ ਆਖ਼ਰੀ ਇੰਟਰਵਿਊ ਸਮੇਂ ਆਪਣੀਆਂ ਪ੍ਰਾਪਤੀਆਂ ਬਾਰੇ ਦੱਸਦੀ ਕਹਿ ਰਹੀ ਸੀ ਕਿ ਮੇਰੇ ਘਰ ਵੱਡੀਆਂ ਵੱਡੀਆਂ ਗੱਡੀਆਂ ਖੜ੍ਹੀਆਂ ਹਨ ਪਰ ਮੈਂ ਇਸ ਵੇਲ਼ੇ ਵ੍ਹੀਲਚੇਅਰ ’ਤੇ ਸਵਾਰ ਹਾਂ, ਮੇਰੇ ਘਰ ਕੱਪੜਿਆਂ ਨਾਲ਼ ਅਲਮਾਰੀ ਭਰੀ ਪਈ ਹੈ ਪਰ ਮੈਂ ਹਸਪਤਾਲ ਦੇ ਸੂਤੀ ਗਾਊਨ ਵਿੱਚ ਹਾਂ, ਮੇਰੇ ਕੋਲ਼ ਪੂਰਾ ਬੈਂਕ ਬੈਲੈਂਸ ਹੈ ਪਰ ਮੈਂ ਇਕੱਲੀ ਪਈ ਕਮਰੇ ਦੀ ਛੱਤ ਨਾਲ਼ ਹੀ ਗੱਲਾਂ ਕਰਦੀ ਹਾਂ। ਅੰਤ ਸਮੇਂ ਇਹ ਹੋਣੀ ਸਭ ਦੀ ਹੀ ਦੇਖੀ ਜਾ ਸਕਦੀ ਹੈ। ਪਈਆਂ ਵਸਤਾਂ ਦੀ ਉਮਰ ਬੰਦੇ ਤੋਂ ਵੱਧ ਹੋ ਸਕਦੀ ਹੈ। ਇਹ ਸਭ ਵਸਤਾਂ ਉਦੋਂ ਤਕ ਹੀ ਭਰਮਾਉਂਦੀਆਂ ਹਨ ਜਦ ਤਕ ਸਾਡੇ ਕਬਜ਼ੇ ਹੇਠ ਨਹੀਂ ਹੁੰਦੀਆਂ। ਫੇਰ ਥੋੜ੍ਹ-ਚਿਰੀ ਖ਼ੁਸ਼ੀ ਵਾਂਗ ਮਿਲ ਜਾਣ ਤਾਂ ਮਿੱਟੀ ਹਨ, ਨਾ ਮਿਲਣ ਤਾਂ ਸੋਨਾ ਹਨ। ਜਿਵੇਂ ਇੱਕ ਬੱਚਾ ਕਿਸੇ ਖਿਡੌਣੇ ਤੋਂ ਛੇਤੀ ਅੱਕ ਜਾਂਦਾ ਹੈ, ਉਵੇਂ ਅਸੀਂ ਵੀ ਹੋਰ ਵਸਤਾਂ ਵੱਲ ਅਹੁਲ਼ਦੇ ਹਾਂ। ਹਰ ਧਰਮ ਨੇ ਸਾਨੂੰ ਦੁਰਲੱਭ ਦੇ ਕੇ ਕਿਹਾ, ਇਸ ਨੂੰ ਹੰਢਾਓ, ਵਰਤੋ ਪਰ ਇਸ ਵਿੱਚ ਖਚਿਤ ਨਾ ਹੋਵੋ। ਕਿਉਂਕਿ ‘ਜਾ ਰਹਿਣਾ ਨਹੀਂ ਏਸ ਜੱਗ’ ਵਾਲ਼ੀ ਸਤਰ ਨੂੰ ਯਾਦ ਰੱਖਣਾ ਬਣਦਾ ਹੈ। ਜਦ ਮਹਾਤਮਾ ਬੁੱਧ ਦਾ ਸਸਕਾਰ ਹੋਇਆ, ਸੱਤ ਦੇਸ਼ਾਂ ਦੇ ਰਾਜੇ ਫੁੱਲਾਂ (ਅਸਥੀਆਂ) ਵਿੱਚੋਂ ਆਪੋ ਆਪਣਾ ਹਿੱਸਾ ਮੰਗ ਰਹੇ ਸਨ ਤਾਂ ਬੁੱਧ ਦੇ ਭਿਕਸ਼ੂ ਨੇ ਕਿਹਾ, ‘ਕੀ ਕਰੋਗੇ, ਫੁੱਲਾਂ ਦੀ ਯਾਦਗਾਰ ਬਣਾਉਗੇ, ਜਿਸ ਬੁੱਧ ਨੇ ਕਪਿਲਵਸਤੂ ਨੂੰ ਤਿਆਗ ਦਿੱਤਾ ਸੀ, ਉਸ ਨੂੰ ਫੇਰ ਕੈਦ ਕਰੋਗੇ’। ਅਸੀਂ ਵੇਖਦੇ ਹਾਂ ਕਈ ਲੋਕ ਬਸ ਕੰਮ ਕਰਨ ਲਈ ਹੀ ਜਿਉਂ ਰਹੇ ਹਨ, ਉਹ ਜਿਉਣ ਲਈ ਕੰਮ ਨਹੀਂ ਕਰ ਰਹੇ। ਵਿਸ਼ੇ ਨੂੰ ਸਮੇਟਦੇ ਅਸੀਂ ਕਵੀ ਦੀਆਂ ਸਤਰਾਂ ਵੱਲ ਰੁਖ ਕਰਦੇ ਹਾਂ -

**ਦੁਨੀਆਂ ਮੇਂ ਰਹਿਤਾ ਹੂੰ, ਦੁਨੀਆਂ ਕਾ ਤਲਬਗਾਰ ਨਹੀਂ,**
**ਬਾਜ਼ਾਰ ਸੇ ਗ਼ੁਜ਼ਰਾ ਹੂੰ, ਮਗਰ ਖ਼ਰੀਦਾਰ ਨਹੀਂ।**

# ਰਿਸ਼ਤਾ

ਪਾਲਾ ਪਿੰਡ ਵਿੱਚ ਰਹਿੰਦੇ ਚੰਗੇ-ਚੰਗੇ ਗੱਭਰੂਆਂ ਵਿੱਚੋਂ ਇੱਕ ਸੀ। ਇਹ ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਪਾਲੇ ਦੀ ਜਵਾਨੀ ਵਿੱਚ ਜਾਨ ਸੀ। ਜਵਾਨੀ ਪਾਲੇ ਨੂੰ ਲੜਦੀ ਹੁੰਦੀ ਸੀ। ਜਵਾਨ, ਗੋਰਾ ਰੰਗ, ਛੋਟੀਆਂ-ਛੋਟੀਆਂ ਮੁੱਛਾਂ ਤੇ ਨਵੀਂ ਫੁੱਟਦੀ ਦਾੜ੍ਹੀ, ਹੱਸਮੁੱਖ ਚਿਹਰਾ, ਛੇ ਫੁੱਟ ਕੱਦ ਤੇ ਆਵਾਜ਼ ਵਿੱਚ ਦਮ ਸੀ। ਮਾਪਿਆਂ ਦਾ ਇਕਲੌਤਾ ਪੁੱਤਰ ਦੁੱਧ-ਘਿਓ ਅਤੇ ਪਿਆਰ ਦੀ ਅਤੁੱਟ ਵਿਛਾਦ ਦੇ ਸਦਕਾ ਹੀ ਉਸ ਦੇ ਸਰੀਰ ਨੇ ਏਨੇ ਗੁਣ ਗ੍ਰਹਿਣ ਕਰ ਲਏ ਸਨ, ਜੋ ਕਿ ਤਾਰੀਫ਼ ਤੋਂ ਬਾਹਰ ਦੀ ਗੱਲ ਹੈ। ਮਾਂ-ਪਿਓ ਦਾ ਸ਼ੌਂਕ ਨਾਲ ਪਾਲਿਆ ਪੁੱਤ ਕਿਸੇ ਪਾਸਿਓਂ ਵੀ ਘੱਟ ਨਹੀਂ ਸੀ। ਪਿੰਡ ਦੀ ਸੱਥ ਵਿੱਚ ਸ਼ਾਮ ਨੂੰ ਹੁੰਦੀਆਂ ਖੇਡਾਂ ਕਬੱਡੀ, ਭਾਰ ਚੁੱਕਣਾ ਅਤੇ ਕੁਸ਼ਤੀਆਂ ਆਦਿ ਕਰਨ ਵਿੱਚ ਵੀ ਉਸ ਨੇ ਆਪਣੇ ਯਾਰਾਂ-ਦੋਸਤਾਂ ਵਿੱਚ ਨਾਮ ਕਮਾਇਆ ਹੋਇਆ ਸੀ। ਜਦੋਂ ਸੱਥ ਵਿੱਚ ਵੜਦਾ ਸੀ, ਪਾਲਾ-ਪਾਲਾ ਹੋਣ ਲੱਗ ਪੈਂਦੀ ਸੀ। ਗੱਲ ਕੀ, ਪਿੰਡ ਵਾਸੀਆਂ ਦੇ ਦਿਲਾਂ ਦੀ ਧੜਕਣ ਸੀ ਪਾਲਾ।

ਲਾਗਲੇ ਹੀ ਪਿੰਡ ਦੀ ਜੰਮਪਲ ਜੀਤੋ ਨੇ ਵੀ ਆਪਣੀਆਂ ਸਹੇਲੀਆਂ ਵਿੱਚ ਸੋਹਣੀ ਧਾਂਕ ਜਮਾਈ ਹੋਈ ਸੀ। ਭੱਜ-ਦੌੜ ਤੇ ਨੱਚਣ-ਟੱਪਣ ਦੀਆਂ ਖੇਡਾਂ ਅਤੇ ਕੁੜੀਆਂ ਨਾਲ ਘੁੱਸੁਨ-ਮੁੱਕੀ ਕਰਨ ਵਿੱਚ ਤਾਂ ਉਹ ਬਹੁਤ ਮਾਹਿਰ ਸੀ। ਰੂਪ ਦੀ ਸਾਂਝ ਇੱਕ ਨਾਲ, ਨਹੀਂ ਬਹੁਤੀਆਂ ਨਾਲ ਹੁੰਦੀ ਹੈ। ਇਹ ਕਿਸੇ ਕੋਲ ਕਿਸੇ ਭੇਸ ਵਿੱਚ ਅਤੇ ਕਿਸੇ ਕੋਲ ਕਿਸੇ ਭੇਸ ਵਿੱਚ ਹੁੰਦਾ ਹੈ ਪਰ ਜੀਤੋ ਕੋਲ ਤਾਂ ਅਨੋਖੇ ਹੀ ਭੇਸ ਵਿੱਚ ਸੀ। ਉਸ ਦੀਆਂ ਦੁੱਧ ਰਿੜਕ-ਰਿੜਕ ਕੇ ਬਣਾਈਆਂ ਬਾਹਾਂ, ਰੋਹੀ ਵਾਲੇ ਖੇਤ ਰੋਟੀਆਂ ਢੋਹ-ਢੋਹ ਕੇ ਬਣਾਈ ਤੋਰ ਅਤੇ ਹੁਸਨ ਦੇ ਬਾਜ਼ਾਰ ਵਿੱਚੋਂ ਚੁਣਿਆ ਹੁਸਨ ਉਸ ਦੀ ਬਲਵਾਨ ਅਤੇ ਨਿਡਰ ਸਿਹਤ ਨੂੰ ਹੋਰ ਵੀ ਚਾਰ ਚੰਨ ਲਾਈ ਜਾਂਦਾ ਸੀ। ਅੱਖਾਂ ਨਾਲ ਹੀ ਮਿਰਚਾਂ ਭੋਰਦੀ ਸੀ ਜੀਤੋ। ਲੋਹੜੇ ਦਾ ਹੁਸਨ ਟੱਪੂਸੀਆਂ ਮਾਰਦਾ ਫਿਰਦਾ ਸੀ ਜੀਤੋ ਦੇ ਆਸ-ਪਾਸ।

ਜੀਤੋ ਦੇ ਪਿੰਡ ਫੱਗਣ ਮਹੀਨੇ ਨੂੰ ਬਾਬੇ ਦੀ ਸਮਾਧ ’ਤੇ ਉਸ ਦੀ ਅਭੁੱਲ ਯਾਦ ਨੂੰ ਤਾਜ਼ਾ ਕਰਨ ਲਈ ਮੇਲਾ ਲੱਗਿਆ ਕਰਦਾ ਸੀ। ਪਾਲਾ ਤੇ ਉਸ ਦੇ ਸਾਥੀ ਹਰੇਕ ਸਾਲ ਮੇਲਾ ਦੇਖਣ ਜਾਇਆ ਕਰਦੇ ਸਨ। ਇਸ ਵਾਰ ਵੀ ਆਪਣੇ ਯਾਰਾਂ-ਵੇਲੀਆਂ ਨਾਲ ਪਾਲਾ ਮੇਲੇ ਜਾਣ ਲਈ ਤਿਆਰ ਹੋ ਗਿਆ। ਉਸ ਦੇ ਚਿੱਟਾ ਕਲੀਆਂ ਵਾਲਾ ਕਮੀਜ਼, ਕਾਲੇ ਰੰਗ ਦਾ ਚਾਦਰਾ, ਚਿੱਟੇ ਤਿੱਲੇ ਦੀ ਕਢਾਈ ਕੀਤੀ ਜੁੱਤੀ, ਕੇਸਰੀ ਪੱਗ ਅਤੇ ਗਲ ਵਿੱਚ ਸੋਨੇ ਦਾ ਤਵੀਤ। ਇਨ੍ਹਾਂ ਕੱਪੜਿਆਂ ਵਿੱਚ ਪਾਲਾ ਇੰਨਾ ਸੋਹਣਾ ਲੱਗਦਾ ਸੀ ਕਿ ਉਸ ਦੀ ਮਾਂ ਨੇ ਵੀ ਦੇਖ ਕੇ ਬੁੱਕ ਦਿੱਤਾ ਅਤੇ ਕਹਿਣ ਲੱਗੀ, ਹਾਏ ਮੇਰੇ ਪੁੱਤ ਨੂੰ ਮੇਰੀ ਨਜ਼ਰ ਹੀ ਨਾ ਲੱਗ ਜਾਵੇ।

ਮੇਲੇ ਵਿੱਚ ਵੜਦਿਆਂ ਹੀ ਉਨ੍ਹਾਂ ਆਪਣਾ ਮੁੰਡੇ-ਖੁੰਡਿਆਂ ਵਾਲਾ ਕੰਮ ਆਰੰਭ ਦਿੱਤਾ। ਭਾਵੇਂ ਪਾਲਾ ਅਜਿਹੀ ਪੰਗੇਬਾਜ਼ੀ ਵਿੱਚ ਵਿਸ਼ਵਾਸ ਨਹੀਂ ਰੱਖਦਾ ਸੀ ਪਰ ਜਿਵੇਂ ਕਹਿੰਦੇ ਨੇ, ਰੰਡੀ ਰੰਡਪੁਣਾ ਤਾਂ ਕੱਟ ਲਵੇ ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ। ਉਹੀ ਹਾਲ ਅੱਜ ਪਾਲੇ ਦਾ ਸੀ। ਯਾਰਾਂ ਨੇ ਉਸ ਨੂੰ ਉਂਗਲ ਲਾ ਦਿੱਤੀ। ਬੱਸ ਫੇਰ ਕੀ ਸੀ ? ਜੱਟ ਮੇਲੇ ਵਿੱਚ ਤੀਆਂ ਵਿੱਚ ਆਈਆਂ ਕੁੜੀਆਂ ਵਾਂਗ ਚਾਂਭਲ ਗਿਆ। ਜਿਹੜੀ ਕੁੜੀ ਲੰਘਦੀ, ਬੱਸ ਉਸ ਨਾਲ ਉਹੀ ਮੰਡੀਰ ਵਾਲਾ ਕੰਮ। ਇਸ ਚੰਡਾਲ-ਚੌਕੜੀ ਨੇ ਮੇਲੇ ਵਿੱਚ ਬੁਸਰੇ ਝੋਟਿਆਂ ਵਾਂਗੂੰ ਖੌਰੂ ਪਾ ਦਿੱਤਾ ਅਤੇ ਇੱਧਰ-ਉੱਧਰ ਗੇੜੇ ਦੇਣੇ ਸ਼ੁਰੂ ਕਰ ਦਿੱਤੇ।

ਇੱਧਰ ਜੀਤੋ ਵੀ ਆਪਣੀਆਂ ਸਹੇਲੀਆਂ ਨਾਲ ਮੇਲੇ ਵਿੱਚ ਆਪਣੀ ਧਾਂਕ ਹੋਣ ਦਾ ਸਬੂਤ ਦੇਣ ਪਹੁੰਚੀ ਹੋਈ ਸੀ। ਇਤਫ਼ਾਕ ਨਾਲ ਉਸ ਦੀ ਟੱਕਰ ਮੇਲੇ ਵਿੱਚ ਫਿਰਦੇ ਪਾਲੇ ਨਾਲ ਹੋ ਗਈ। ਪਾਲੇ ਨੇ ਆਪਣੇ ਸਾਥੀਆਂ ਦੀ ਸ਼ਹਿ ਲੈ ਕੇ ਜੀਤੋ ਨੂੰ ਛੇੜ ਦਿੱਤਾ। ਹੱਥ ਲਾਉਣ ਦੀ ਦੇਰ ਸੀ, ਜੀਤੋ ਨੇ ਤਾਂ ਭਰਿੰਡ ਦੇ ਖੱਖਰ ਵਾਂਗ ਦੋਵੇਂ ਬਾਹਾਂ ਚੁੱਕ ਲਈਆਂ। ਅੱਖ ਦੇ ਝਪਕੇ ਨਾਲ ਹੀ ਉਸ ਨੇ ਪਾਲੇ ਦੀ ਬਾਂਹ ਫੜ ਲਈ। ਪਾਲੇ ਦੇ ਦੋਸਤ ਵੀ ਉਸ ਦੀਆਂ ਗੁੱਸੇ ਨਾਲ ਲਾਲ ਅੱਖਾਂ ਅਤੇ ਏਡੀ ਦਲੇਰੀ ਨੂੰ ਦੇਖ ਕੇ ਘਬਰਾ ਗਏ। ਏਨੇ ਨੂੰ ਰੌਲਾ-ਰੱਪਾ ਸੁਣ ਕੇ ਜੀਤੋ ਦੇ ਚਾਰ ਭਰਾ, ਜੋ ਮੇਲੇ ਵਿੱਚ ਘੁੰਮ-ਫਿਰ ਰਹੇ ਸਨ, ਉਹ ਵੀ ਉੱਥੇ ਆ ਪਹੁੰਚੇ।

ਦੇਖਦਿਆਂ ਸਾਰ ਚਾਰੇ ਭਰਾ ਆਪਣੀ ਭੈਣ ਦੀ ਹਿਮਾਇਤ ਵਿੱਚ ਪਾਲੇ ਨੂੰ ਪੈ ਨਿੱਕਲੇ ਪਰ ਜੀਤੋ ਨੇ ਝੱਟ ਉੱਚੀ ਆਵਾਜ਼ ਵਿੱਚ ਕਿਹਾ, ÷ਭਰਾਵੋ ਤੁਸੀਂ ਇਸ ਨੂੰ ਹੱਥ ਨਹੀਂ ਲਗਾਉਣਾ। ਮੈਂ ਇਸ ਨਾਲ ਤਾਂ ਇਕੱਲੀ ਹੀ ਨਿਪਟ ਲਵਾਂਗੀ। ਮੈਨੂੰ ਕੌਣ ਕਹੇਗਾ ਕਿ ਕੋਈ ਕਿ ਮਾਝੇ ਦੀ ਪਲੀ ਕੁੜੀ ਆਂ।

ਪਾਲੇ ਦੇ ਇਕਦਮ ਹੋਸ਼ ਜਿਹੇ ਉੱਡ ਗਏ। ਉਹ ਜਲਦੀ ਨਾਲ ਬਾਂਹ ਛੁਡਾ ਕੇ ਇਸ ਬਲਾ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ ਪਰ ਪਾਲੇ ਦੀ ਇਹ ਕੋਸ਼ਿਸ਼ ਜੀਤੋ ਦੀ ਜ਼ੋਰ-ਜ਼ਬਰੀ ਨੇ ਨਾਕਾਮ ਕਰ ਦਿੱਤੀ। ਇਸ ਜ਼ੋਰ-ਜਕੜ ਅਤੇ ਸ਼ੋਰ-ਸ਼ਰਾਬੇ ਨੂੰ ਦੇਖ ਕੇ ਪਾਲੇ ਦੇ ਦੋਸਤਾਂ ਦਾ ਉੱਥੇ ਖੜ੍ਹਨ ਦਾ ਹੀਆਂ ਨਾ ਪਿਆ। ਜੀਤੋ ਨੇ ਪਾਲੇ ਨੂੰ ਕਿਹਾ, “ਦੇਖ ਜਿੱਥੇ ਤੂੰ ਮੇਰੇ ਹੱਥ ਲਗਾਇਆ ਹੈ, ਉੱਥੇ ਦੇ ਹੀ ਰਿਸ਼ਤਿਆਂ ਨੂੰ ਅਧਿਕਾਰ ਹੈ। ਇਕ ਤਾਂ ਮੇਰੇ ਪਤੀ ਨੂੰ ਅਤੇ ਦੂਸਰਾ ਮੇਰੇ ਪੁੱਤ ਨੂੰ। ਹੁਣ ਤੂੰ ਦੱਸ ਤੇਰਾ ਮੇਰੇ ਨਾਲ ਕੀ ਰਿਸ਼ਤਾ ਸੀ ?

ਪਾਲੇ ਦੇ ਤਾਂ ਸਾਹ ਹੀ ਸੁੱਕ ਗਏ। ਉਸ ਨੇ ਕੁੱਝ ਵੀ ਜਵਾਬ ਨਾ ਦਿੱਤਾ। ਜੀਤੋ ਉਸ ਨੂੰ ਜਿਉਂ ਦਾ ਤਿਉਂ ਫੜ ਕੇ ਘਰ ਲੈ ਗਈ। ਇੱਕ ਪੱਗ ਅਤੇ ਰੁਪਈਆ ਜੀਤੋ ਨੇ ਪਾਲੇ ਦੇ ਹੱਥ ਵਿੱਚ ਦੇ ਦਿੱਤਾ ਅਤੇ ਸਿਰ ਪਲੋਸ ਕੇ ਕਿਹਾ, “ਗੱਭਰੂਆ ਅੱਜ ਤੋਂ ਤੂੰ ਮੇਰਾ ਪੁੱਤ। ਹੁਣ ਤੂੰ ਆਪਣਾ ਰਿਸ਼ਤਾ ਯਾਦ ਰੱਖੀਂ।”

ਪਾਲੇ ਨੇ ਪੱਗ ਅਤੇ ਰੁਪਈਆ ਜੀਤੋ ਦੇ ਹੱਥੋਂ ਇਸ ਤਰ੍ਹਾਂ ਫੜ ਲਿਆ, ਜਿਵੇਂ ਉਸ ਨੂੰ ਇਹ ਰਿਸ਼ਤਾ ਮੰਨਜ਼ੂਰ ਹੋਵੇ।

**ਲੇਖਕ - ਇੰਜ. ਵਰਿੰਦਰ ਟੱਲੇਵਾਲੀਆ**
**ਸੰਪਰਕ ਨੰਬਰ 9417923777**

# ਸਬਰ ਸੰਤੋਖ ਨਾਲ ਭਰਿਆ ਮਨੁੱਖ



ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)
ਈਮੇਲ-
bardwal.gobinder@gmail.com

'ਸਬਰ ਦਾ ਫਲ ਮਿੱਠਾ ਹੁੰਦਾ ਹੈ' ਅਕਸਰ ਸੁਣਿਆ ਹੋਵੇਗਾ, ਸਬਰ ਕਰਨਾ ਇੱਕ ਆਤਮ-ਪ੍ਰੀਖਿਆ ਹੈ ਅਤੇ ਇਸ ਵਿੱਚ ਪਾਸ ਹੋਣਾ, ਤੁਹਾਡਾ ਇੱਕ ਸਦਗੁਣ ਹੈ। ਸਫਲਤਾ ਸਿਰਫ਼ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਅਸਫਲਤਾ ਅੱਗੇ ਸਬਰ ਰੱਖਦੇ ਹਨ ਅਤੇ ਨਿਰੰਤਰ ਆਪਣੀ ਮਿਹਨਤ ਜਾਰੀ ਰੱਖਦੇ ਹਨ। ਇਨਸਾਨ ਦੇ ਤਮਾਮ ਗੁਣਾਂ ਵਿੱਚੋਂ ਇੱਕ ਸਬਰ ਵੀ ਹੈ। ਸਬਰ ਜਾਂ ਧੀਰਜ ਮੁਸ਼ਕਲਾਂ ਨੂੰ ਸਹਿਣ ਕਰਨ ਦੀ ਸਮਰੱਥਾ ਨੂੰ ਵਧਾਉਂਦਾ ਹੈ ਅਤੇ ਸਾਨੂੰ ਜ਼ਿੰਦਗੀ ਦਾ ਹੋਰ ਆਨੰਦ ਲੈਣ ਵਿੱਚ ਮਦਦ ਕਰਦਾ ਹੈ। ਇਹ ਤੁਹਾਡੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਕਾਫ਼ੀ ਵਧਾਉਂਦਾ ਹੈ।

ਸਬਰ ਨੂੰ ਆਪਣੇ ਆਪ ਵਿੱਚ ਪੈਦਾ ਕੀਤਾ ਜਾ ਸਕਦਾ ਹੈ ਅਤੇ ਇਸਦਾ ਅਭਿਆਸ ਕੀਤਾ ਜਾ ਸਕਦਾ ਹੈ। ਇਹ ਉਦੋਂ ਆਉਂਦਾ ਹੈ ਜਦੋਂ ਕੋਈ ਭਾਵਨਾਵਾਂ ਦੀ ਬਜਾਏ ਵਿਚਾਰਾਂ ਦੀ ਕਦਰ ਕਰਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਧੀਰਜ ਸਫਲਤਾ ਲਈ ਜ਼ਰੂਰੀ ਹੈ ਕਿਉਂਕਿ ਇਹ ਸਾਨੂੰ ਆਪਣੇ ਟੀਚਿਆਂ ਅਤੇ ਇੱਛਾਵਾਂ ਨੂੰ ਪ੍ਰਾਪਤ ਕਰਨ ਵਿੱਚ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਸਾਡੀ ਊਰਜਾ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਜਦੋਂ ਅਸੀਂ ਜ਼ਿੰਦਗੀ ਵਿੱਚ ਕੁਝ ਮਹੱਤਵਪੂਰਨ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਸਬਰ ਕਰਨਾ ਆਉਣਾ ਚਾਹੀਦਾ ਹੈ। ਇਹ ਇੱਕ ਹੁਨਰ ਹੈ ਜਿਸਨੂੰ ਹਰ ਕਿਸੇ ਨੂੰ ਆਪਣੇ ਆਪ ਵਿੱਚ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਬਰ, ਸੰਜਮ ਦਾ ਅਭਿਆਸ ਹੈ। ਇਹ ਸਾਨੂੰ ਊਰਜਾ, ਤਾਕਤ ਅਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਸ ਵਿੱਚ ਤੁਹਾਡੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਸਥਿਤੀ ਦਾ ਵਿਸ਼ਲੇਸ਼ਣ ਕਰਨਾ ਸ਼ਾਮਲ ਹੈ। ਜਦੋਂ ਤੁਸੀਂ ਧੀਰਜ ਰੱਖਦੇ ਹੋ, ਤਾਂ ਤੁਸੀਂ ਰੁਕਦੇ ਹੋ ਅਤੇ ਵਿਆਪਕ ਦ੍ਰਿਸ਼ਟੀਕੋਣ 'ਤੇ ਵਿਚਾਰ ਕਰਦੇ ਹੋ, ਨਾ ਸਿਰਫ਼ ਮੌਜੂਦਾ ਸਮੇਂ ਵਿੱਚ ਤੁਹਾਡੀਆਂ ਕਾਰਵਾਈਆਂ, ਸਗੋਂ ਉਨ੍ਹਾਂ ਦੇ ਭਵਿੱਖ ਦੇ ਨਤੀਜਿਆਂ 'ਤੇ ਵੀ। ਜਦੋਂ ਅਸੀਂ ਚਿੜਚਿੜੇ ਹੁੰਦੇ ਹਾਂ, ਤਾਂ ਸਾਨੂੰ ਧੀਰਜ ਰੱਖਣਾ ਯਾਦ ਰੱਖਣਾ ਚਾਹੀਦਾ ਹੈ। ਇਹ ਇੱਕ ਖੁਸ਼ਹਾਲ ਅਤੇ ਸ਼ਾਂਤੀਪੂਰਨ ਜੀਵਨ ਲਈ ਰਾਹ ਪੱਧਰਾ ਕਰਦਾ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਫਲਤਾ ਲਈ ਸਬਰ ਕਿੰਨਾ ਮਹੱਤਵਪੂਰਨ ਹੈ, ਕਿਉਂਕਿ ਚੰਗੀਆਂ ਚੀਜ਼ਾਂ ਵਿੱਚ ਸਮਾਂ ਲੱਗਦਾ ਹੈ। ਇਹ ਸਾਡੇ ਟੀਚਿਆਂ ਅਤੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਾਡੀ ਦ੍ਰਿੜਤਾ ਨੂੰ ਵਧਾਉਂਦਾ ਹੈ।ਸਬਰ ਸਾਨੂੰ ਵਧੇਰੇ ਆਸ਼ਾਵਾਦੀ ਸੋਚ ਵਿਕਸਤ ਕਰਨ ਅਤੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ। ਜਦੋਂ ਤੁਸੀਂ ਭਾਵਨਾਵਾਂ ਨਾਲ ਭਰੇ ਹੁੰਦੇ ਹੋ, ਤਾਂ ਤੁਸੀਂ ਸਭ ਤੋਂ ਵਧੀਆ ਫੈਸਲੇ ਨਹੀਂ ਲੈ ਸਕਦੇ। ਤੁਹਾਡਾ ਦਿਮਾਗ ਸੋਚ ਨਹੀਂ ਸਕਦਾ ਕਿਉਂਕਿ ਇਹ ਸਿਰਫ਼ ਤੁਹਾਡੀਆਂ ਭਾਵਨਾਵਾਂ ਨੂੰ ਸਮਝਦਾ ਹੈ, ਜੋ ਪਲ ਭਰ ਲਈ ਤੁਹਾਡੀ ਤਰਕਸੰਗਤ ਸੋਚ ਤੇ ਭਾਰੂ ਹੋ ਸਕਦੀਆਂ ਹਨ। ਇਸ ਲਈ ਤਰਕਸ਼ੀਲ ਫੈਸਲੇ ਲੈਣ ਲਈ ਧੀਰਜ ਬਹੁਤ ਜ਼ਰੂਰੀ ਹੈ।

ਧੀਰਜ ਦਾ ਇੱਕ ਫਾਇਦਾ ਇਹ ਹੈ ਕਿ ਇਹ ਤੁਹਾਨੂੰ ਤਣਾਅ ਮਹਿਸੂਸ ਕਰਨ ਦੀ ਬਜਾਏ ਆਰਾਮ ਕਰਨ ਦੀ ਆਗਿਆ ਦਿੰਦਾ ਹੈ। ਸਬਰ ਦੀ ਮਹੱਤਤਾ ਅਤੇ ਇਸਦੇ ਅਰਥ ਦੀ ਆਪਣੀ ਵਿਸ਼ਾਲਤਾ ਹੈ। ਇਹ ਚਿੜਚਿੜੇ, ਪਰੇਸ਼ਾਨ ਜਾਂ ਗੁੱਸੇ ਹੋਏ ਬਿਨਾਂ ਉਡੀਕ ਕਰਨ ਦੀ ਯੋਗਤਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਭੜਕਣ ਅਤੇ ਸ਼ਿਕਾਇਤ ਕਰਨ ਦੀ ਬਜਾਏ ਸੰਜਮ ਦੀ ਵਰਤੋਂ ਕਰਦੇ ਹੋ। ਜਦੋਂ ਚੀਜ਼ਾਂ ਤੁਹਾਡੀ ਉਮੀਦ ਅਨੁਸਾਰ ਨਹੀਂ ਹੁੰਦੀਆਂ ਅਤੇ ਅੰਦਰੂਨੀ ਸ਼ਾਂਤੀ ਪ੍ਰਾਪਤ ਕਰਨਾ ਸਬਰ ਦੀ ਪਹਿਲ ਹੁੰਦੀ ਹੈ।

ਸਬਰ ਸੰਤੋਖ ਨਾਲ ਭਰਿਆ ਮਨੁੱਖ ਜ਼ਿੰਦਗੀ ਨੂੰ ਬਿਹਤਰ ਮਾਣਦਾ ਹੈ। ਜੋ ਇਨਸਾਨ ਸਬਰ ਦਾ ਪੱਲਾ ਫੜ੍ਹਕੇ ਰੱਖਦੇ ਹਨ ਤਾਂ ਉਹ ਮਾਨਸਿਕ ਤੌਰ ਤੇ ਤਾਂ ਸਿਹਤਮੰਦ ਹੁੰਦੇ ਹੀ ਹਨ ਉੱਥੇ ਹੀ ਆਪਣੀ ਜ਼ਿੰਦਗੀ ਵਿੱਚ ਖ਼ੁਸ਼ਹਾਲੀ ਨੂੰ ਸੱਦਾ ਦਿੰਦੇ ਹਨ।

# ਸਮਾਰਟ ਫ਼ੋਨ : ਬੱਚਿਆਂ ਦਾ ਭਵਿੱਖ ਦਾਅ 'ਤੇ



ਪ੍ਰੋ. ਕੁਲਬੀਰ ਸਿੰਘ



ਆਸਟ੍ਰੇਲੀਆ ਨੇ 16 ਸਾਲ ਤੱਕ ਦੇ ਬੱਚਿਆਂ 'ਤੇ ਸੋਸ਼ਲ ਮੀਡੀਆ ਵਰਤਣ ਉੱਤੇ ਰੋਕ ਲਗਾਈ ਤਾਂ ਪੂਰੀ ਦੁਨੀਆ ਵਿਚ ਇਸ ਵਿਸ਼ੇ 'ਤੇ ਚਰਚਾ ਚੱਲ ਪਈ।

ਆਸਟ੍ਰੇਲੀਆ ਤੋਂ ਬਾਅਦ ਇਹੀ ਕਦਮ ਸਪੇਨ, ਫਰਾਂਸ, ਗ੍ਰੀਸ, ਨੌਰਵੇ ਜਿਹੇ ਮੁਲਕਾਂ ਨੇ ਚੁੱਕਿਆ। ਸਾਊਥ ਕੋਰੀਆ ਨੇ ਇਸ ਦੀ ਵਰਤੋਂ ਨੂੰ ਸਮਾਂ-ਬੱਧ ਕੀਤਾ ਹੈ। ਦੇਰ ਰਾਤ ਨੂੰ ਬੱਚੇ ਇਸ ਦੀ ਵਰਤੋਂ ਨਹੀਂ ਕਰ ਸਕਦੇ।

ਇਸੇ ਤਰ੍ਹਾਂ ਅਮਰੀਕਾ ਦੇ ਕੁਝ ਰਾਜਾਂ ਨੇ ਕੁਝ ਬੰਦਸ਼ਾਂ ਲਗਾਈਆਂ ਹਨ ਅਤੇ ਕੁਝ ਨੇ ਅਜਿਹਾ ਕਰਨ ਲਈ ਸੁਝਾਅ ਦਿੱਤੇ ਹਨ।

ਤਾਜ਼ਾ ਖ਼ਬਰਾਂ ਭਾਰਤ ਨਾਲ ਸੰਬੰਧਤ ਹਨ। ਇਕ ਪਿਤਾ ਨੇ ਆਪਣੀਆਂ ਧੀਆਂ ਤੋਂ ਮੋਬਾਇਲ ਫ਼ੋਨ ਲੈ ਲਿਆ। ਤਿੰਨ ਧੀਆਂ ਨੇ ਉੱਚੀ ਇਮਾਰਤ ਤੋਂ ਛਾਲ ਮਾਰ ਕੇ ਜੀਵਨ-ਲੀਲਾ ਸਮਾਪਤ ਕਰ ਲਈ। ਇਹ ਘਟਨਾ ਗਾਜ਼ੀਆਬਾਦ ਦੀ ਹੈ। ਹਿਮਾਚਲ ਦੇ ਮੁੱਖ ਮੰਤਰੀ ਨੇ ਸਖ਼ਤ ਫ਼ੈਸਲਾ ਲੈਂਦਿਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲਾਂ ਵਿਚ ਫ਼ੋਨ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਜੇਕਰ ਕਿਸੇ ਵਿਦਿਆਰਥੀ ਕੋਲੋਂ ਸਕੂਲ ਸਮੇਂ ਦੌਰਾਨ ਫ਼ੋਨ ਮਿਲਦਾ ਹੈ ਤਾਂ ਉਸ ਨੂੰ ਜੁਰਮਾਨਾ ਲਗਾਇਆ ਜਾਵੇਗਾ। ਇਹ ਫ਼ੈਸਲਾ ਪਹਿਲੀ ਮਾਰਚ 2026 ਤੋਂ ਲਾਗੂ ਹੋਵੇਗਾ।

ਇਸ ਦਾ ਮਕਸਦ ਪੜ੍ਹਾਈ ਪ੍ਰਤੀ ਵਿਦਿਆਰਥੀਆਂ ਦੀ ਇਕਾਗਰਤਾ ਨੂੰ ਵਧਾਉਣਾ ਦੱਸਿਆ ਗਿਆ ਹੈ। ਇਹ ਬੈਨ ਸਮਾਰਟ ਘੜੀਆਂ, ਟੈਬਲੇਟ ਅਤੇ ਹੈੱਡਫ਼ੋਨਾਂ 'ਤੇ ਵੀ ਲਾਗੂ ਹੋਵੇਗਾ।

ਮਨੋਵਿਗਿਆਨੀ ਦੱਸਦੇ ਹਨ ਕਿ ਸਮਾਰਟ ਫ਼ੋਨ 'ਤੇ ਜਦੋਂ ਬੱਚੇ ਵੱਖ-ਵੱਖ ਤਰ੍ਹਾਂ ਦੀਆਂ ਗੇਮਾਂ ਖੇਡਦੇ ਹਨ ਤਾਂ ਦਿਮਾਗ ਵਿਚੋਂ ਡੋਪਾਮਾਈਨ ਹਾਰਮੋਨ (ਖ਼ੁਸ਼ੀ ਪੈਦਾ ਕਰਨ ਵਾਲਾ) ਰਲੀਜ਼ ਹੁੰਦਾ ਹੈ। ਨਤੀਜੇ ਵਜੋਂ ਉਹ ਲੰਮਾ ਸਮਾਂ ਗੇਮਾਂ ਖੇਡਣ ਵਿਚ ਰੁੱਝੇ ਰਹਿੰਦੇ ਹਨ ਅਤੇ ਅਸਲ ਜੀਵਨ ਨਾਲੋਂ, ਅਸਲ ਖ਼ੁਸ਼ੀ ਨਾਲੋਂ ਟੁੱਟਦੇ ਜਾਂਦੇ ਹਨ।ਉਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਾਲੀ ਘਟਨਾ ਤੋਂ ਪਹਿਲਾਂ ਭੁਪਾਲ ਦੇ ਇਕ ਲੜਕੇ ਨੇ ਫ਼ੋਨ ਗੇਮਾਂ ਉੱਤੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਸੀ। ਤਾਮਿਲਨਾਡੂ ਅਤੇ ਦਿੱਲੀ ਵਿਚ ਵੀ ਇਸੇ ਤਰ੍ਹਾਂ ਵਾਪਰਿਆ ਸੀ। ਤੇਲੰਗਾਨਾ ਦੇ ਇਕ 13 ਸਾਲ ਦੇ ਬੱਚੇ ਨੇ ਪੱਬਜੀ ਖੇਡ ਕਾਰਨ ਖ਼ੁਦਕੁਸ਼ੀ ਕੀਤੀ ਸੀ। ਮਾਂ-ਪਿਉ ਉਸ ਨੂੰ ਫ਼ੋਨ 'ਤੇ ਗੇਮਾਂ ਖੇਡਣ ਤੋਂ ਰੋਕਦੇ ਸਨ।

ਹਰਿਆਣਾ, ਗੁਜਰਾਤ ਅਤੇ ਉਤਰਾਖੰਡ ਵਿਚ ਵੀ ਅਜਿਹੀਆਂ ਵਾਰਦਾਤਾਂ ਅਖ਼ਬਾਰ ਦੀਆਂ ਸੁਰਖੀਆਂ ਬਣ ਚੁੱਕੀਆਂ ਹਨ।

ਦੋ ਵੱਡੇ ਸਵਾਲ ਦੁਨੀਆ ਸਾਹਮਣੇ ਉੱਭਰ ਆਏ ਹਨ। ਮਾਪੇ ਅਜਿਹੀ ਸਥਿਤੀ ਵਿਚ ਕੀ ਕਰਨ ? ਕਿਸ ਤਰ੍ਹਾਂ ਵਿਵਹਾਰ ਕਰਨ ਕਿ ਬੱਚਿਆਂ ਨੂੰ ਅਜਿਹੇ ਕਦਮ ਚੁੱਕਣ ਤੋਂ ਬਚਾਇਆ ਜਾ ਸਕੇ ? ਜਾਂ ਸਮਾਂ ਰਹਿੰਦੇ ਸਰਕਾਰਾਂ ਆਸਟ੍ਰੇਲੀਆ, ਸਪੇਨ, ਫਰਾਂਸ, ਗ੍ਰੀਸ ਅਤੇ ਨੌਰਵੇ ਵਰਗੇ ਸਖ਼ਤ ਫ਼ੈਸਲੇ ਕਰਨ ?

ਮਾਪਿਆਂ ਨੂੰ ਚੌਕਸ ਰਹਿਣਾ ਹੀ ਪਵੇਗਾ। ਬੱਚਿਆਂ ਦੇ ਬਦਲਦੇ ਸੁਭਾਅ, ਵਿਵਹਾਰ ਅਤੇ ਸਕਰੀਨ ਟਾਈਮ 'ਤੇ ਨਜ਼ਰ ਰੱਖਣੀ ਹੋਵੇਗੀ। ਸਮਾਰਟ ਫ਼ੋਨ 'ਤੇ ਉਹ ਕੀ ਵੇਖਦੇ ਹਨ, ਵਧੇਰੇ ਸਮਾਂ ਕਿੰਝ ਬਿਤਾਉਂਦੇ ਹਨ, ਇਹ ਵੇਖਣਾ ਸਮਝਣਾ ਹੋਵੇਗਾ। ਜੇ ਸੁਭਾਅ ਚਿੜਚੜਾ ਅਤੇ ਗੁੱਸੇ ਵਾਲਾ ਹੋ ਰਿਹਾ ਹੈ ਤਾਂ ਉਸ ਨੂੰ ਕਲਪਨਾ ਦੀ ਦੁਨੀਆ 'ਚੋਂ ਕੱਢ ਕੇ ਅਸਲ ਜੀਵਨ ਨਾਲ ਜੋੜਨਾ ਹੋਵੇਗਾ। ਡਾਕਟਰ ਜਾਂ ਮਾਹਰ ਦੀ ਮਦਦ ਲੈਣੀ ਪਵੇਗੀ। ਉਸ ਨੂੰ ਖੁੱਲ੍ਹੇ ਅਸਮਾਨ ਹੇਠ ਸਾਥੀਆਂ ਨਾਲ ਰਲ ਕੇ ਖੇਡੀਆਂ ਜਾਣ ਵਾਲੀਆਂ ਖੇਡਾਂ ਨਾਲ ਜੋੜਨਾ ਹੋਵੇਗਾ। ਉਸ ਨਾਲ ਗੱਲਬਾਤ ਕਰਦਿਆਂ ਸਮਾਂ ਬਿਤਾਉਣਾ ਜ਼ਰੂਰੀ ਹੈ। ਅਚਾਨਕ ਪਾਬੰਦੀ ਜਾਂ ਅਚਾਨਕ ਸਖ਼ਤੀ ਨਾਲ ਮਾਮਲਾ ਵਿਗੜ ਸਕਦਾ ਹੈ। ਬਦਲਵਾਂ ਸਮਾਰਟ ਫ਼ੋਨ ਦਾ ਬਦਲ ਜ਼ਰੂਰੀ ਹੈ। ਬਦਲਵਾਂ ਮਨੋਰੰਜਨ, ਬਦਲਵਾਂ ਮਾਹੌਲ। ਸ਼ੌਕ ਤੇ ਸਿਰਜਣਾਤਮਕ ਰੁਝੇਵੇਂ। ਉਤਸ਼ਾਹ ਤੇ ਹੱਲਾਸ਼ੇਰੀ। ਪ੍ਰਸ਼ੰਸਾ ਤੇ ਪ੍ਰੇਰਨਾ। ਅਜਿਹਾ ਕਰਕੇ ਮਾਪੇ ਕਾਫ਼ੀ ਹੱਦ ਤਕ ਬੱਚਿਆਂ ਦਾ ਸਕਰੀਨ-ਸਮਾਂ ਘਟਾ ਸਕਦੇ ਹਨ।

ਬੀਤੇ ਦਿਨੀਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਿਦਿਆਰਥੀ ਤਕਨੀਕ ਦੇ ਗੁਲਾਮ ਨਾ ਬਣਨ। ਮੈਰੀ ਵੇਅਨਰਚੈਕ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਦੀ ਲਤ ਨਸ਼ਿਆਂ ਨਾਲੋਂ ਵੀ ਬੁਰੀ ਹੈ। ਅਜਿਹੇ ਮਾਹੌਲ ਵਿਚ ਬੱਚਿਆਂ ਅਤੇ ਵਿਦਿਆਰਥੀਆਂ ਦੀ ਮਾਨਸਿਕ ਤੰਦਰੁਸਤੀ ਨੂੰ ਲੈ ਕੇ ਚਿੰਤਾਵਾਂ ਵੱਧਦੀਆਂ ਜਾ ਰਹੀਆਂ ਹਨ।

ਹਰ ਕੋਈ, ਕੀ ਵੱਡਾ ਕੀ ਛੋਟਾ ਸਮਾਰਟ ਫ਼ੋਨ ਦੀ ਸਕਰੀਨ ਵਿਚ ਉਲਝਿਆ ਹੋਇਆ ਹੈ। ਸਮਾਰਟ ਫ਼ੋਨ ਹੁਣ ਕੇਵਲ ਫ਼ੋਨ ਕਰਨ ਅਤੇ ਫ਼ੋਨ ਸੁਣਨ ਲਈ ਹੀ ਨਹੀਂ ਵਰਤਿਆ ਜਾਂਦਾ। ਫ਼ੋਨ ਕਰਨ ਅਤੇ ਫ਼ੋਨ ਸੁਣਨ ਵਿਚ ਤਾਂ ਸ਼ਾਇਦ ਦਿਨ ਦੇ ਦਸ ਮਿੰਟ ਹੀ ਲੱਗਦੇ ਹੋਣਗੇ। ਪਰ ਅੰਕੜੇ ਦੱਸਦੇ ਹਨ ਕਿ ਬੱਚੇ ਅਤੇ ਆਮ ਇਨਸਾਨ ਸਮਾਰਟ ਫ਼ੋਨ ਦੇ ਸਕਰੀਨ 'ਤੇ ਦਿਨ ਦੇ ਚਾਰ ਪੰਜ ਘੰਟੇ ਬਤੀਤ ਕਰ ਰਹੇ ਹਨ।

ਸਮਾਰਟ ਫ਼ੋਨ ਦੀ ਲੱਤ ਨੂੰ ਵੇਖਦੇ ਹੋਏ ਮੋਗਾ ਦੇ ਪਿੰਡ ਘੋਲੀਆ ਖੁਰਦ ਵਿਖੇ ਇਕ ਦਿਲਚਸਪ ਮੁਕਾਬਲਾ ਕਰਵਾਇਆ ਗਿਆ ਤੇ ਜੇਤੂਆਂ ਨੂੰ ਸਾਈਕਲ ਅਤੇ ਪੈਸੇ ਇਨਾਮ ਵਜੋਂ ਵੰਡੇ ਗਏ। ਮੁਕਾਬਲੇ ਦਾ ਸਿਰਲੇਖ ਸੀ 'ਬਿਨਾਂ ਫ਼ੋਨ ਤੋਂ ਵਿਹਲੇ ਬੈਠਣ ਦਾ ਮੁਕਾਬਲਾ'। ਕੋਈ ਸਮਾਂ-ਸੀਮਾ ਨਹੀਂ ਰੱਖੀ ਗਈ ਸੀ। ਇਸ ਮੁਕਾਬਲੇ ਵਿਚ 55 ਜਣਿਆਂ ਨੇ ਹਿੱਸਾ ਲਿਆ। ਕੁਝ ਸਖ਼ਤ ਸ਼ਰਤਾਂ ਸਨ। ਸਮਾਰਟ ਫ਼ੋਨ ਦੀ ਲਤ ਨੂੰ ਘਟਾਉਣ ਲਈ, ਇਸ ਪ੍ਰਤੀ ਲੋਕਾਂ ਦਾ ਧਿਆਨ ਆਕਰਸ਼ਿਤ ਕਰਨ ਲਈ ਵਿਹਲੇ ਬੈਠਣਾ ਸੀ। ਸਮਾਰਟ ਫ਼ੋਨ ਦੀ ਵਰਤੋਂ ਨਹੀਂ ਕਰਨੀ ਸੀ। ਸੌਣਾ ਨਹੀਂ ਸੀ, ਇਧਰ ਉਧਰ ਨਹੀਂ ਜਾਣਾ ਸੀ। ਇਸ ਮੁਕਾਬਲੇ ਵਿਚ ਕਈ ਜਣੇ ਕਾਮਯਾਬ ਹੋਏ ਅਤੇ ਲਗਾਤਾਰ 31 ਘੰਟੇ ਸਮਾਰਟ ਫ਼ੋਨ ਤੋਂ ਦੂਰ ਰਹੇ। ਇਸ ਸਮੇਂ ਦੌਰਾਨ ਉਹ ਕਿਤਾਬਾਂ ਪੜ੍ਹਦੇ ਰਹੇ, ਮੈਡੀਟੇਸ਼ਨ ਕਰਦੇ ਰਹੇ।ਅਜਿਹੇ ਮੁਕਾਬਲੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਵਿਚ ਹੁੰਦੇ ਰਹਿਣੇ ਚਾਹੀਦੇ ਹਨ। ਇਸ ਲਈ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਭਾਵੇਂ ਇਹ ਅੱਜ ਸਥਾਨਕ ਸਮੱਸਿਆ ਨਹੀਂ ਰਹੀ, ਵਿਸ਼ਵ ਵਿਆਪੀ ਵਰਤਾਰਾ ਬਣ ਚੁੱਕਾ ਹੈ। ਇਕ ਅਨੁਮਾਨ ਅਨੁਸਾਰ ਦੁਨੀਆ ਵਿਚ 30-40 ਪ੍ਰਤੀਸ਼ਤ ਸਿਆਣੀ ਉਮਰ ਦੇ, 20-22 ਪ੍ਰਤੀਸ਼ਤ ਔਰਤਾਂ, 50 ਪ੍ਰਤੀਸ਼ਤ ਨੌਜਵਾਨਾਂ ਅਤੇ 70 ਪ੍ਰਤੀਸ਼ਤ ਕੁਲ ਲੋਕਾਂ ਵਿਚ ਸਮਾਰਟ ਫ਼ੋਨ ਦੀ ਵਰਤੋਂ ਦੇ ਦੁਰਪ੍ਰਭਾਵ ਨਜ਼ਰ ਆਉਣ ਲੱਗ ਹਨ। ਇਹ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਫ਼ੋਨ ਤੋਂ ਬਿਨਾਂ ਡਰ ਲੱਗਣ ਲੱਗਦਾ ਹੈ। ਘਬਰਾਹਟ ਹੋਣ ਲੱਗਦੀ ਹੈ।

ਤਾਜ਼ਾ ਅੰਕੜਿਆਂ ਅਨੁਸਾਰ 60 ਪ੍ਰਤੀਸ਼ਤ ਤੋਂ ਵਧੇਰੇ ਬੱਚੇ, ਜਿਨ੍ਹਾਂ ਦੀ ਉਮਰ 5 ਤੋਂ 16 ਸਾਲ ਦਰਮਿਆਨ ਹੈ, ਨੂੰ ਸਮਾਰਟ ਫ਼ੋਨ ਦੀ ਲਤ ਲੱਗ ਚੁੱਕੀ ਹੈ।

11-14 ਸਾਲ ਦੇ 91 ਪ੍ਰਤੀਸ਼ਤ ਬੱਚਿਆਂ ਕੋਲ ਫ਼ੋਨ ਅਤੇ ਇੰਟਰਨੈੱਟ ਦੀ ਸਹੂਲਤ ਹੈ। ਇਸ ਉਮਰ ਵਰਗ ਦੇ ਬੱਚੇ ਰੋਜ਼ਾਨਾ 4 ਤੋਂ 6 ਘੰਟੇ ਸਮਾਰਟ ਫ਼ੋਨ ਦੀ ਵਰਤੋਂ ਕਰਦੇ ਹਨ।

ਭਾਰਤ ਵਿਚ 64 ਪ੍ਰਤੀਸ਼ਤ ਬੱਚਿਆਂ ਨੂੰ ਸਮਾਰਟ ਫ਼ੋਨ ਦੀ ਲਤ ਲੱਗ ਚੁੱਕੀ ਹੈ ਅਤੇ ਇਹ ਔਸਤਨ 4-5 ਘੰਟੇ ਫ਼ੋਨ 'ਤੇ ਰੁੱਝੇ ਰਹਿੰਦੇ ਹਨ। ਬਹੁਤੇ ਮੁਲਕਾਂ ਵਿਚ ਇਹ ਪ੍ਰਤੀਸ਼ਤ ਭਾਰਤ ਨਾਲੋਂ ਕਾਫ਼ੀ ਘੱਟ ਹੈ।

ਮਾਹਰ ਮੰਨਦੇ ਹਨ ਕਿ 13 ਸਾਲ ਦੀ ਉਮਰ ਤੋਂ ਪਹਿਲਾਂ ਸਮਾਰਟ ਫ਼ੋਨ ਦੀ ਵਰਤੋਂ ਵਧੇਰੇ ਨੁਕਸਾਨਦਾਇਕ ਹੈ। ਇਸ ਨਾਲ ਅਨੇਕਾਂ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਉਪਰੋਕਤ ਵਰਗਾਂ ਦੇ ਬੱਚਿਆਂ ਵਿਚੋਂ ਵਧੇਰੇ ਸਮਾਰਟ ਫ਼ੋਨ 'ਤੇ ਗੇਮਾਂ ਖੇਡਣ ਨੂੰ ਤਰਜੀਹ ਦਿੰਦੇ ਹਨ।

ਵੇਖਣ ਵਿਚ ਆਇਆ ਹੈ ਕਿ ਅਜਿਹੇ ਬੱਚੇ ਚਿੰਤਾ, ਡਰ ਅਤੇ ਉਦਾਸੀ ਦਾ ਸ਼ਿਕਾਰ ਹੁੰਦੇ ਹਨ। ਚਾਲੀ ਪ੍ਰਤੀਸ਼ਤ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਾਰਾਂ ਪ੍ਰਤੀਸ਼ਤ ਨੂੰ ਗੂੜ੍ਹੀ ਨੀਂਦ ਲੈਣ ਵਿਚ ਦਿੱਕਤ ਆਉਣ ਲੱਗਦੀ ਹੈ। ਚਾਲੀ ਪ੍ਰਤੀਸ਼ਤ ਅੱਖਾਂ ਦੀਆਂ ਪ੍ਰੇਸ਼ਾਨੀਆਂ ਵਿਚ ਘਿਰ ਜਾਂਦੇ ਹਨ ਅਤੇ ਏਨੇ ਹੀ ਗਰਦਨ ਅਤੇ ਮੋਢਿਆਂ ਦੇ ਦਰਦ ਕਾਰਨ ਪ੍ਰੇਸ਼ਾਨ ਰਹਿੰਦੇ ਹਨ।

67 ਪ੍ਰਤੀਸ਼ਤ ਅਧਿਆਪਕਾਂ ਦਾ ਮੰਨਣਾ ਹੈ ਕਿ ਸਮਾਰਟ ਫ਼ੋਨ ਦੀ ਵਜ੍ਹਾ ਕਰਕੇ ਵਧੇਰੇ ਬੱਚਿਆਂ ਦੀ ਕਲਾਸ ਰੂਮ ਅਤੇ ਇਮਤਿਹਾਨਾਂ ਵਿਚ ਕਾਰਗੁਜ਼ਾਰੀ ਪ੍ਰਭਾਵਿਤ ਹੋ ਰਹੀ ਹੈ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਦਾ ਭਵਿੱਖ ਸੁਰੱਖਿਅਤ ਰਹੇ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਹ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਸੰਤੁਲਿਤ ਢੰਗ ਨਾਲ ਹੋਵੇ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਹ ਕੋਈ ਅਣਕਿਆਸਿਆ ਖ਼ਤਰਨਾਕ ਕਦਮ ਨਾ ਚੁੱਕਣ ਤਾਂ ਉਨ੍ਹਾਂ ਨੂੰ ਸਮਾਰਟ ਫ਼ੋਨ ਵੱਲੋਂ ਵਰਜ ਕੇ ਸਿਰਜਣਾਤਮਿਕ ਸਰਗਰਮੀਆਂ ਨਾਲ ਜੋੜਨਾ ਹੋਵੇਗਾ।

11 ਫਰਵਰੀ 2026 ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਇਕ ਚਿੰਤਾਜਨਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਨੇ ਅਜਿਹੇ ਐਲਗੋਰਿਦਮ ਅਤੇ ਫੀਚਰ ਤਿਆਰ ਕਰ ਰੱਖੇ ਹਨ ਜਿਹੜੇ ਬੱਚਿਆਂ ਨੂੰ ਟਾਰਗੈਟ ਕਰਦੇ ਹਨ। ਰਿਪੋਰਟ ਵਿਚ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਦਾ ਮੁਕਾਬਲਾ ਕੈਸੀਨੋ ਅਤੇ ਨਸ਼ੀਲੀਆਂ ਦਵਾਈਆਂ ਨਾਲ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਇਹ ਕੰਪਨੀਆਂ ਬੱਚਿਆਂ ਨੂੰ ਆਪਣੇ ਉਤਪਾਦਾਂ ਦੀ ਲਤ ਲਾਉਣ ਵਾਲੇ ਡਿਜ਼ਾਈਨ ਜਾਣ ਬੁਝ ਕੇ ਤਿਆਰ ਕਰਦੀਆਂ ਹਨ। ਇਹ ਡਿਜ਼ਾਈਨ ਪੂਰੀ ਰੀਸਰਚ ਬਾਅਦ ਤਿਆਰ ਕੀਤੇ ਜਾਂਦੇ ਹਨ।

ਰਿਪੋਰਟ ਦੇ ਅਖ਼ੀਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਮਾਰਟ ਫ਼ੋਨ ਅਤੇ ਸੋਸ਼ਲ ਮੀਡੀਆ ਕਾਰਨ ਬੱਚਿਆਂ ਨੂੰ ਰੋਗ ਲੱਗ ਰਹੇ ਹਨ। ਜਿਹੜੇ ਬੱਚੇ ਘੱਟ ਉਮਰ ਵਿਚ ਇਨ੍ਹਾਂ ਪਲੇਟਫਾਰਮਾਂ ਨਾਲ ਜੁੜਦੇ ਹਨ, ਉਨ੍ਹਾਂ ਦੇ ਦਿਮਾਗ਼ ਅਤੇ ਸਿਹਤ 'ਤੇ ਮੁਕਾਬਲਤਨ ਵਧੇਰੇ ਉਲਟਾ ਅਸਰ ਪੈਂਦਾ ਹੈ।

ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਇਨ੍ਹਾਂ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਵਿਰੁੱਧ ਅਨੇਕਾਂ ਮੁਕੱਦਮੇ ਚੱਲ ਰਹੇ ਹਨ। ਲਾਸ ਏਂਜਲਸ ਦੇ ਵਕੀਲ ਮਾਰਕ ਲੈਨੀਅਰ ਨੇ ਅਦਾਲਤ ਵਿਚ ਇਨ੍ਹਾਂ ਪਲੇਟਫਾਰਮਾਂ ਦੇ ਅੰਦਰੂਨੀ ਦਸਤਾਵੇਜ਼ਾਂ ਦੇ ਆਧਾਰ 'ਤੇ ਕਰਮਚਾਰੀਆਂ ਦਰਮਿਆਨ ਹੋਏ ਅੰਦਰੂਨੀ ਸੰਚਾਰ ਦਾ ਜ਼ਿਕਰ ਕੀਤਾ, ਜਿਸ ਵਿਚ ਕਰਮਚਾਰੀ ਕਹਿ ਰਹੇ ਹਨ, 'ਸਾਡਾ ਪਲੇਟਫਾਰਮ ਇਕ ਡਰੱਗ ਵਾਂਗ ਹੈ' ਅਤੇ ਇਸ ਦੀ ਲਤ ਲੱਗਣ 'ਤੇ ਡਰੱਗ ਵਾਂਗ ਹੀ ਦਿਮਾਗ਼ 'ਤੇ ਅਸਰ ਹੁੰਦਾ ਹੈ।

Calgary

## 9 ਮਾਰਚ ਤੋਂ, ਪੂਰੇ ਕੈਲਗਰੀ ਵਿੱਚ ਪਾਣੀ ਦੀਆਂ ਪਾਬੰਦੀਆਂ ਲਾਗੂ ਹਨ। ਕਿਰਪਾ ਕਰਕੇ ਪਾਣੀ ਬਚਾਓ।

ਅਸੀਂ ਮੌਜੂਦਾ ਬੇਅਰਸਪੌ ਫੀਡਰ ਮੇਨ ਨੂੰ ਮਜ਼ਬੂਤ ਕਰ ਰਹੇ ਹਾਂ ਤਾਂ ਜੋ ਸਭ ਤੋਂ ਨਾਜ਼ੁਕ ਹਿੱਸਿਆਂ ਨੂੰ ਸਥਿਰ ਕੀਤਾ ਜਾ ਸਕੇ ਅਤੇ ਦਸੰਬਰ ਵਿੱਚ ਨਵੀਂ ਸਟੀਲ ਪਾਈਪ ਤਿਆਰ ਹੋਣ ਤੱਕ ਕਿਸੇ ਹੋਰ ਟੁੱਟ-ਭੱਜ ਦੀ ਸੰਭਾਵਨਾ ਘਟਾਈ ਜਾ ਸਕੇ। ਇਸ ਕੰਮ ਵਿੱਚ ਲਗਭਗ ਚਾਰ ਹਫ਼ਤੇ ਲੱਗਣਗੇ।

ਪਾਬੰਦੀਆਂ ਸਾਰੇ ਨਿਵਾਸੀਆਂ ਅਤੇ ਕਾਰੋਬਾਰਾਂ 'ਤੇ ਲਾਗੂ ਹੁੰਦੀਆਂ ਹਨ ਕਿਉਂਕਿ ਅਸੀਂ ਪੂਰੇ ਸ਼ਹਿਰ ਅਤੇ ਖੇਤਰ ਨੂੰ ਪਾਣੀ ਦੀ ਸਪਲਾਈ ਲਈ ਮੁੱਖ ਤੌਰ 'ਤੇ ਸਿਰਫ਼ ਇੱਕ ਹੀ ਵਾਟਰ ਟ੍ਰੀਟਮੈਂਟ ਪਲਾਂਟ 'ਤੇ ਨਿਰਭਰ ਕਰ ਰਹੇ ਹਾਂ। ਇਸ ਸਮੇਂ ਦੌਰਾਨ ਬਾਹਰੀ ਪਾਣੀ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ ਅਤੇ ਘਰ ਦੇ ਅੰਦਰ ਪਾਣੀ ਦੀ ਬੱਚਤ ਕਰਨ ਦੀ ਲੋੜ ਹੈ।

calgary.ca/savewater 'ਤੇ ਹੋਰ ਜਾਣੋ।

26-0053877 | CRV-44933

ਹਰ **ਫਲੱਸ਼** ਮਾਇਨੇ ਰੱਖਦਾ ਹੈ



ਲੋੜ ਪੈਣ 'ਤੇ ਹੀ ਫਲੱਸ਼ ਕਰੋ।

ਹਰ **ਮਿੰਟ** ਮਾਇਨੇ ਰੱਖਦਾ ਹੈ



ਨਹਾਉਣ ਦਾ ਸਮਾਂ 3 ਮਿੰਟ ਜਾਂ ਘੱਟ ਰੱਖੋ।

ਹਰ **ਲੋਡ** ਮਾਇਨੇ ਰੱਖਦਾ ਹੈ



ਪੂਰਾ ਲੋਡ ਚਲਾਓ।

ਹਰ **ਸਾਈਕਲ** ਮਾਇਨੇ ਰੱਖਦਾ ਹੈ



ਪੂਰੇ ਲੋਡ ਧੋਵੋ।

Homestead

partners Development Group

# ਘਰ ਨੂੰ ਪਿਆਰ
# ਜੀਵਨਸ਼ੈਲੀ ਨੂੰ ਪਿਆਰ
# ਕੀਮਤਾਂ ਨੂੰ ਪਿਆਰ



PLANT YOUR ROOTS IN HOMESTEAD
MADE FOR FAMILIES

## ਅਸਲੀ ਕੀਮਤ ਇੱਥੇ ਹੈ ਅਤੇ ਤੁਹਾਨੂੰ ਵੀ ਇਹੀ ਚਾਹੀਦੀ ਹੈ।

ਇਹ ਸਭ ਕੁਝ ਹੋਮਸਟੇਡ ਵਿੱਚ ਹੈ, ਉੱਤਰ-ਪੂਰਬੀ ਭਾਈਚਾਰਾ ਜੋ ਹੈਰਾਨੀਜਨਕ ਤੌਰ 'ਤੇ ਕਿਫਾਇਤੀ ਨਵੇਂ ਘਰਾਂ ਨੂੰ ਕੁਦਰਤ, ਸੰਪਰਕ ਅਤੇ ਸਹੂਲਤ ਨਾਲ ਜੋੜਦਾ ਹੈ। ਖੁੱਲ੍ਹੀਆਂ ਥਾਵਾਂ, ਸਥਾਨਕ ਸਹੂਲਤਾਂ, ਸਵਾਗਤ ਕਰਨ ਵਾਲੇ ਗੁਆਂਢੀ, ਅਤੇ ਵਿਸ਼ਾਲ ਪਹਾੜੀ ਦ੍ਰਿਸ਼ ਸਭ ਇੱਕ ਅਜਿਹੀ ਜਗ੍ਹਾ ਬਣਾਉਣ ਲਈ ਇਕੱਠੇ ਹੁੰਦੇ ਹਨ ਜੋ ਜ਼ਮੀਨੀ ਅਤੇ ਪਿਆਰ ਕਰਨ ਵਿੱਚ ਆਸਾਨ ਮਹਿਸੂਸ ਹੁੰਦੀ ਹੈ।

ਇਹ ਦੋਸਤਾਨਾ, ਜਾਣੂ ਅਤੇ ਜੀਵਨ ਨਾਲ ਭਰਪੂਰ ਹੈ, ਅਤੇ ਇਹ ਇੱਕ ਆਂਢ-ਗੁਆਂਢ ਤੋਂ ਵੱਧ ਹੈ। ਇਹ ਤੁਹਾਡਾ ਹੋਮਸਟੇਡ ਹੈ

**ਪ੍ਰੀਮੀਅਮ ਕਮਿਊਨਿਟੀ ਸਹੂਲਤਾਂ:**

* 4 ਕਿਲੋਮੀਟਰ ਪੈਦਲ ਰਸਤੇ
* 19 ਏਕੜ ਕੁਦਰਤੀ ਵੈਟਲੈਂਡ
* ਖੇਡ ਦੇ ਮੈਦਾਨ ਅਤੇ ਖੇਡ ਕੋਰਟ
* ਕ੍ਰਿਕਟ ਪਿੱਚ, ਫੁੱਟਬਾਲ ਦੇ ਮੈਦਾਨ ਅਤੇ ਹੋਰ ਬਹੁਤ ਕੁੱਝ

| Duplex Homes | Rear Laned Homes | Front Drive Homes |
|---|---|---|
| FROM THE HIGH $490s | FROM THE MID $500s | FROM THE HIGH $600s |
| Partners Homes | Excel Homes & Trico Homes | Excel Homes, Genesis Builders & Trico Homes |

Visit our stylish showhomes today

Homestead
plant your roots

Find maps, hours, builders and more at LiveInHomestead.ca


partners Development Group
ਸਾਨੂੰ ਲੱਗਦਾ ਹੈ ਕਿ ਤੁਸੀਂ ਸਹਿਮਤ ਹੋਵੋਗੇ:
ਸਾਡਾ ਛੋਟਾ ਭਾਈਚਾਰਾ
ਇੱਕ ਬਹੁਤ ਵੱਡੇ ਜੰਪ
ਦੀ ਪੇਸ਼ਕਸ਼ ਕਰਦਾ ਹੈ
IN HOME & LIFESTYLE
Keystone Creek:
ਇੱਥੇ ਜ਼ਿੰਦਗੀ ਸੁਹਜ, ਸੰਪਰਕ ਅਤੇ ਸਹੂਲਤ ਨਾਲ ਭਰਪੂਰ ਹੈ।
ਨੋਜ਼ ਕਰੀਕ ਦੇ ਨਾਲ ਸਥਿਤ ਅਤੇ ਰੋਜ਼ਾਨਾ ਜ਼ਰੂਰੀ ਚੀਜ਼ਾਂ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ, ਕੀਸਟੋਨ ਕਰੀਕ ਨੌਰਥ ਕੈਲਗਰੀ ਦਾ ਸਭ ਤੋਂ ਵਧੀਆ ਗੁਪਤ ਰਾਜ਼ ਹੈ। ਸੋਚ-ਸਮਝ ਕੇ ਡਿਜ਼ਾਈਨ ਕੀਤਾ ਗਿਆ ਅਤੇ ਕਿਫਾਇਤੀ ਢੰਗ ਨਾਲ ਡਿਲੀਵਰ ਕੀਤਾ ਗਿਆ, ਇਸ ਬੁਟੀਕ ਕਮਿਊਨਿਟੀ ਵਿੱਚ ਸਿਰਫ਼ ਤਿੰਨ ਪੜਾਅ ਹਨ, ਜੋ ਇਸਨੂੰ ਪ੍ਰਾਪਤ ਕਰਨ ਦੇ ਬਰਾਬਰ ਵਿਸ਼ੇਸ਼ ਬਣਾਉਂਦੇ ਹਨ।
ਭਾਵੇਂ ਤੁਸੀਂ ਨਵੀਂ ਸ਼ੁਰੂਆਤ ਕਰ ਰਹੇ ਹੋ, ਉੱਪਰ ਜਾ ਰਹੇ ਹੋ, ਜਾਂ ਸਮਾਰਟ ਆਕਾਰ ਘਟਾ ਰਹੇ ਹੋ, ਕੀਸਟੋਨ ਕਰੀਕ ਕੋਨੇ ਕੱਟੇ ਬਿਨਾਂ ਅਸਲ ਮੁੱਲ ਪ੍ਰਦਾਨ ਕਰਦਾ ਹੈ। ਅੱਜ ਹੀ ਸਾਡੇ ਨਾਲ ਮੁਲਾਕਾਤ ਕਰੋ।
COME TOUR 6 SHOWHOMES
FIND YOUR NEW NORTH
STREET TOWNS
FROM THE $460s
Partners Homes
REAR LANED DUPLEXES
FROM THE $530s
Partners Homes
REAR LANED HOMES
FROM THE $575s
Genesis Builders & NuVista Homes
FRONT DRIVE HOMES
FROM THE $675s
Genesis Builders & NuVista Homes
MODERN STYLE MEETS EVERYDAY EASE
Nestled beside Nose Creek
Playgrounds & green spaces
Pathways connected to the Rotary Greenway
Easy access to Stoney Trail & Deerfoot Trail
YOUR STYLE. YOUR SPACE. YOUR NORTH.
START YOUR HOME SEARCH HERE
Find maps and more at KeystoneCreek.ca
KEYSTONE CREEK
a partners community


VANTAGE RISE
ਇਸ ਘਰ ਲਈ ਕਾਲ ਕਰਨ ਵਾਲੇ ਪਹਿਲੇ ਵਿਅਕਤੀ ਬਣੋ
PHASE 1 PRE-SALES NOW UNDERWAY!
Townhomes FROM THE LOW $500s
Laned Homes FROM THE HIGH $500s
Front Garage FROM THE LOW $700s
ਵੈਂਟੇਜ ਰਾਈਜ਼ ਏਅਰਡਰੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸੁਚਾਰੂ ਢੰਗ ਨਾਲ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਜੀਵਨ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।
567
2
Yankee Valley Blvd
Range Rd 13
24 St SW
to Calgary
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
liveinvantagerise.com
Reach out to a builder to put your lot on hold!
• Broadview Homes • McKee Homes • NuVista Homes • Shane Homes
• Sterling Homes • StreetSide Developments • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


SOUTHBOW LANDING
ਕੋਕਰੇਨ ਦਾ ਰਹਿਣ ਸਹਿਣ,
ਆਰਾਮ ਨਾਲ ਤੁਹਾਡੀ ਪਹੁੰਚ ਵਿੱਚ
To Banff
To Calgary
Cochrane
Bow River
SOUTHBOW
ਇੱਕ ਸ਼ਾਨਦਾਰ ਲੈਂਡਸਕੇਪ ਦੇ ਕੇਂਦਰ ਵਿੱਚ ਸਥਿਤ, ਸਾਊਥਬੋਅ ਲੈਂਡਿੰਗ ਉਨ੍ਹਾਂ ਲੋਕਾਂ ਲਈ ਇੱਕ ਪਵਿੱਤਰ ਸਥਾਨ ਹੈ ਜੋ ਪਹਾੜਾਂ ਅਤੇ ਨਦੀ ਦੇ ਨੇੜਤਾ ਨੂੰ ਮਹੱਤਵ ਦਿੰਦੇ ਹਨ। ਇਹ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਕੁਦਰਤ ਅਤੇ ਭਾਈਚਾਰਾ ਇਕੱਠੇ ਹੁੰਦੇ ਹਨ, ਇੱਕ ਸੰਤੁਲਿਤ ਜੀਵਨ ਸ਼ੈਲੀ ਬਣਾਉਂਦੇ ਹਨ ਜੋ ਜ਼ਮੀਨੀ ਅਤੇ ਉੱਚਾ ਦੋਵੇਂ ਮਹਿਸੂਸ ਕਰਦੀ ਹੈ।
ਸਾਊਥਬੋਅ ਲੈਂਡਿੰਗ ਵਿੱਚ ਕਿਫਾਇਤੀ ਨਵੇਂ ਘਰਾਂ ਦੀ ਖੋਜ ਕਰੋ
Laned Duplexes from the High $400s
Laned Homes from the Low $500s
Front Garage Duplexes from the Mid $500s
Front Garage Homes from the High $500s
ਆਪਣਾ ਘਰ ਇੱਥੇ ਲੱਭੋ
southbowlanding.com
• Daytona Homes • Broadview Homes • Sterling Homes
• Douglas Homes • Trico Homes • NuVista Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

# ਲੋਕ 'ਆਮ' ਹੋਣ ਤੋਂ ਕਿਉਂ ਡਰਦੇ ਹਨ ?



**ਡਾ: ਸੇਠੀ ਕੇ.ਸੀ.**
**ਲੇਖਕ ਦਮਨ,ਇੰਡੀਆ**
**ਆਕਲੈਂਡ, ਨਿਊਜ਼ੀਲੈਂਡ**

ਇਨਸਾਨ ਨੂੰ ਬਚਪਨ ਤੋਂ ਹੀ ਬੜੇ ਹੀ ਸ਼ਾਂਤ ਅਤੇ ਅਸਿੱਧੇ ਤਰੀਕੇ ਨਾਲ ਦੂਜਿਆਂ ਨਾਲ ਆਪਣੀ ਤੁਲਨਾ (ਮੁਕਾਬਲਾ) ਕਰਨਾ ਸਿਖਾਇਆ ਜਾਂਦਾ ਹੈ। ਇਹ ਸਿਖਲਾਈ ਕੋਈ ਸਖ਼ਤ ਹੁਕਮ ਦੇ ਕੇ ਨਹੀਂ, ਸਗੋਂ ਸਾਡੀਆਂ ਰੋਜ਼ਾਨਾ ਦੀਆਂ ਗੱਲਾਂ, ਸਕੂਲਾਂ ਅਤੇ ਸਮਾਜਿਕ ਰੀਤਾਂ ਰਾਹੀਂ ਦਿੱਤੀ ਜਾਂਦੀ ਹੈ। ਜਦੋਂ ਬੱਚਾ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਉਂਦਾ ਹੈ, ਤਾਂ ਉਸ ਦੀ ਬਹੁਤ ਤਾਰੀਫ਼ ਹੁੰਦੀ ਹੈ, ਪਰ ਜੇ ਉਹ ਬੜੀ ਲਗਨ ਨਾਲ ਪੜ੍ਹਿਆ ਹੋਵੇ ਪਰ ਨੰਬਰ ਘੱਟ ਰਹਿ ਜਾਣ, ਤਾਂ ਉਸ ਦੀ ਕੋਈ ਕਦਰ ਨਹੀਂ ਹੁੰਦੀ। ਉਹ ਸਿਰਫ਼ 'ਨੰਬਰਾਂ' ਦਾ ਪ੍ਰਤੀਕ ਬਣ ਕੇ ਰਹਿ ਜਾਂਦਾ ਹੈ, ਉਸ ਦੀ ਸੂਝ-ਬੂਝ ਦੀ ਕੋਈ ਗੱਲ ਨਹੀਂ ਕਰਦਾ। ਇਸੇ ਤਰ੍ਹਾਂ ਇਨਸਾਨ ਦੇ ਮਨ ਵਿੱਚ 'ਆਮ' ਰਹਿ ਜਾਣ ਦਾ ਡਰ ਬੈਠ ਜਾਂਦਾ ਹੈ।

**ਦਿਖਾਵੇ ਦੀ ਦੌੜ ਅਤੇ ਸਮਾਜਿਕ ਦਬਾਅ**

ਜਿਵੇਂ-ਜਿਵੇਂ ਉਮਰ ਵਧਦੀ ਹੈ, ਇਹ ਡਰ ਸਾਡੀ ਸ਼ਖ਼ਸੀਅਤ ਦਾ ਹਿੱਸਾ ਬਣ ਜਾਂਦਾ ਹੈ। ਜਵਾਨੀ ਵਿੱਚ ਇਹ ਮੁਕਾਬਲੇਬਾਜ਼ੀ ਦੇ ਰੂਪ ਵਿੱਚ ਦਿਖਦਾ ਹੈ ਅਤੇ ਵੱਡੀ ਉਮਰ ਵਿੱਚ ਇਹ ਬੇਚੈਨੀ ਅਤੇ ਪਛਤਾਵੇ ਵਿੱਚ ਬਦਲ ਜਾਂਦਾ ਹੈ। ਬਹੁਤ ਸਾਰੇ ਲੋਕ ਆਪਣੀ ਪੂਰੀ ਜ਼ਿੰਦਗੀ ਸਿਰਫ਼ ਇਹ ਸਾਬਤ ਕਰਨ ਵਿੱਚ ਲਗਾ ਦਿੰਦੇ ਹਨ ਕਿ ਉਹ ਦੂਜਿਆਂ ਨਾਲੋਂ ਬਿਹਤਰ, ਜ਼ਿਆਦਾ ਕਾਮਯਾਬ ਅਤੇ ਜ਼ਿਆਦਾ ਮਸ਼ਹੂਰ ਹਨ। ਉਹਨਾਂ ਨੂੰ ਲੱਗਦਾ ਹੈ ਕਿ ਜੇ ਉਹ ਖ਼ਾਸ ਨਾ ਦਿਖੇ, ਤਾਂ ਉਹਨਾਂ ਦੀ ਜ਼ਿੰਦਗੀ ਦਾ ਕੋਈ ਮਤਲਬ ਨਹੀਂ। ਪਰ ਅਸਲ ਵਿੱਚ ਇਹ ਸੋਚ ਕੁਦਰਤੀ ਨਹੀਂ, ਸਗੋਂ ਸਮਾਜ ਵੱਲੋਂ ਬਣਾਈ ਗਈ ਹੈ।

?ਅੱਜ ਦਾ ਸਮਾਜ ਤੁਲਨਾ 'ਤੇ ਟਿਕਿਆ ਹੋਇਆ ਹੈ। ਨੌਕਰੀ, ਰਿਸ਼ਤੇ ਅਤੇ ਸਮਾਜਿਕ ਰੁਤਬੇ ਦੇ ਆਧਾਰ 'ਤੇ ਹਰ ਕਿਸੇ ਨੂੰ ਪਰਖਿਆ ਜਾਂਦਾ ਹੈ। ਕੋਈ ਇਹ ਨਹੀਂ ਪੁੱਛਦਾ ਕਿ ਕੀ ਤੁਸੀਂ ਮਾਨਸਿਕ ਤੌਰ 'ਤੇ ਸ਼ਾਂਤ ਹੋ ? ਸਗੋਂ ਸਵਾਲ ਇਹ ਹੁੰਦਾ ਹੈ ਕਿ ਤੁਸੀਂ ਕੀ ਹਾਸਲ ਕੀਤਾ ਹੈ ? ਇਸ ਕਰਕੇ ਲੋਕ ਆਪਣੀ ਅੰਦਰੂਨੀ ਖੁਸ਼ੀ ਨੂੰ ਛੱਡ ਕੇ ਬਾਹਰੀ ਨਿਯਮਾਂ ਮੁਤਾਬਕ ਜਿਊਣਾ ਸ਼ੁਰੂ ਕਰ ਦਿੰਦੇ ਹਨ।

**ਅੰਦਰੂਨੀ ਸੱਚਾਈ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ**

ਸੇਠੀ ਫ਼ਲਸਫ਼ੇ (Sethian philosophy) ਅਨੁਸਾਰ, ਜਦੋਂ ਸਾਨੂੰ ਆਪਣੇ ਆਪ ਦੀ ਪਛਾਣ ਨਹੀਂ ਹੁੰਦੀ, ਤਾਂ ਅਸੀਂ ਦੂਜਿਆਂ ਦੀ ਸਾਬਾਸ਼ੀ 'ਤੇ ਨਿਰਭਰ ਹੋ ਜਾਂਦੇ ਹਾਂ। ਹਰ ਇਨਸਾਨ ਅੰਦਰੋਂ ਬਹੁਤ ਅਮੀਰ (ਗੁਣਾਂ ਨਾਲ ਭਰਪੂਰ) ਪੈਦਾ ਹੁੰਦਾ ਹੈ, ਪਰ ਅਸੀਂ ਆਪਣੇ ਅੰਦਰ ਝਾਤ ਨਹੀਂ ਮਾਰਦੇ। ਇਸ ਲਈ ਸਾਨੂੰ ਬਾਹਰੀ ਦੁਨੀਆ ਤੋਂ ਪ੍ਰਵਾਨਗੀ ਦੀ ਲੋੜ ਪੈਂਦੀ ਹੈ। ਦੂਜਿਆਂ ਦੀ ਤਾਰੀਫ਼ ਸਾਡੇ ਲਈ ਖ਼ੁਰਾਕ ਬਣ ਜਾਂਦੀ ਹੈ ਅਤੇ ਨਿੰਦਿਆ ਜ਼ਹਿਰ ਵਰਗੀ ਲੱਗਦੀ ਹੈ।

?ਅੱਜਕੱਲ੍ਹ ਸੋਸ਼ਲ ਮੀਡੀਆ ਨੇ ਇਸ ਡਰ ਨੂੰ ਹੋਰ ਵਧਾ ਦਿੱਤਾ ਹੈ। ਉੱਥੇ ਸਿਰਫ਼ ਜਿੱਤਾਂ ਅਤੇ ਖੁਸ਼ੀਆਂ ਹੀ ਦਿਖਾਈਆਂ ਜਾਂਦੀਆਂ ਹਨ। ਸਾਡਾ ਮਨ ਆਪਣੀ ਸਾਧਾਰਨ ਜ਼ਿੰਦਗੀ ਦੀ ਤੁਲਨਾ ਦੂਜਿਆਂ ਦੇ ਉਹਨਾਂ 'ਖ਼ਾਸ ਪਲਾਂ' ਨਾਲ ਕਰਨ ਲੱਗ ਪੈਂਦਾ ਹੈ, ਜਿਸ ਨਾਲ ਸਾਡੇ ਅੰਦਰ ਹੀਣ ਭਾਵਨਾ ਪੈਦਾ ਹੁੰਦੀ ਹੈ।



**ਅਸਲ ਪਛਾਣ ਕੀ ਹੈ ?**

ਜ਼ਿਆਦਾਤਰ ਲੋਕ ਆਪਣੀ ਪਛਾਣ ਆਪਣੀ ਨੌਕਰੀ ਜਾਂ ਰੁਤਬੇ ਨਾਲ ਜੋੜ ਲੈਂਦੇ ਹਨ। ਪਰ ਇਹ ਪਛਾਣ ਬਹੁਤ ਕਮਜ਼ੋਰ ਹੈ। ਜਦੋਂ ਨੌਕਰੀ ਜਾਂ ਰੁਤਬਾ ਚਲਾ ਜਾਂਦਾ ਹੈ, ਤਾਂ ਇਨਸਾਨ ਅੰਦਰੋਂ ਖਾਲੀ ਮਹਿਸੂਸ ਕਰਦਾ ਹੈ। ਅਸਲ ਪਛਾਣ ਸਾਡਾ ਕਿਰਦਾਰ, ਸਾਡੀ ਚੇਤਨਾ ਅਤੇ ਸਾਡੇ ਸੰਸਕਾਰ ਹਨ, ਨਾ ਕਿ ਸਾਡੇ ਅਹੁਦੇ।

?ਇਸ ਡਰ ਦੇ ਪਿੱਛੇ ਸਾਡੀ 'ਹਉਮੈ' (Ego) ਦਾ ਵੀ ਵੱਡਾ ਹੱਥ ਹੈ। ਹਉਮੈ ਹਮੇਸ਼ਾ ਦੂਜਿਆਂ ਤੋਂ ਉੱਪਰ ਰਹਿਣਾ ਚਾਹੁੰਦੀ ਹੈ। ਇਹ ਕਦੇ ਸੰਤੁਸ਼ਟ ਨਹੀਂ ਹੁੰਦੀ ਅਤੇ ਇਨਸਾਨ ਨੂੰ ਹਮੇਸ਼ਾ ਭੱਜਣ ਲਈ ਮਜ਼ਬੂਰ ਕਰਦੀ ਹੈ। ਇਸੇ ਤਰ੍ਹਾਂ ਸਾਨੂੰ ਇਹ ਡਰ ਵੀ ਸਤਾਉਂਦਾ ਹੈ ਕਿ ਜੇ ਅਸੀਂ ਕੁਝ ਵੱਡਾ ਨਾ ਕੀਤਾ, ਤਾਂ ਸਾਨੂੰ ਭੁਲਾ ਦਿੱਤਾ ਜਾਵੇਗਾ। ਪਰ ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਮਹਿਲ ਅਤੇ ਨਾਮ ਵੀ ਸਮੇਂ ਨਾਲ ਮਿਟ ਜਾਂਦੇ ਹਨ। ਅਸਲ ਮਹੱਤਵ ਤੁਹਾਡੀ ਸ਼ਖ਼ਸੀਅਤ ਦਾ ਹੁੰਦਾ ਹੈ।

**ਕੋਈ ਵੀ ਇਨਸਾਨ 'ਆਮ' ਨਹੀਂ ਹੁੰਦਾ**

ਸੇਠੀ ਫ਼ਲਸਫ਼ਾ ਕਹਿੰਦਾ ਹੈ ਕਿ ਕੁਦਰਤੀ ਤੌਰ 'ਤੇ ਕੋਈ ਵੀ ਇਨਸਾਨ 'ਆਮ' ਨਹੀਂ ਹੈ। ਹਰ ਇੱਕ ਦੀ ਆਪਣੀ ਵੱਖਰੀ ਸੋਚ, ਭਾਵਨਾਵਾਂ ਅਤੇ ਆਤਮਿਕ ਲੈਅ ਹੈ। 'ਸਾਧਾਰਨ' ਜਾਂ 'ਆਮ' ਸ਼ਬਦ ਤਾਂ ਸਿਰਫ਼ ਦੂਜਿਆਂ ਨਾਲ ਤੁਲਨਾ ਕਰਨ ਵੇਲੇ ਪੈਦਾ ਹੁੰਦਾ ਹੈ।

?ਸਾਡੇ ਸਮਾਜ ਵਿੱਚ ਕਈ ਅਜਿਹੇ ਲੋਕ ਹਨ ਜੋ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ, ਦੂਜਿਆਂ ਦਾ ਭਲਾ ਕਰਦੇ ਹਨ ਅਤੇ ਮਾਨਸਿਕ ਤੌਰ 'ਤੇ ਸਥਿਰ ਹਨ। ਉਹ ਭਾਵੇਂ ਦਿਖਾਵਾ ਨਹੀਂ ਕਰਦੇ, ਪਰ ਉਹਨਾਂ ਦਾ ਪ੍ਰਭਾਵ ਬਹੁਤ ਡੂੰਘਾ ਹੁੰਦਾ ਹੈ। ਸਹੀ ਮਾਇਨਿਆਂ ਵਿੱਚ ਕਾਮਯਾਬੀ ਉਹ ਹੈ ਜਿਸ ਵਿੱਚ ਮਾਨਸਿਕ ਸ਼ਾਂਤੀ ਹੋਵੇ। ਜੇਕਰ ਕਾਮਯਾਬੀ ਮਿਲਣ 'ਤੇ ਮਨ ਵਿੱਚ ਬੇਚੈਨੀ ਜਾਂ ਹੰਕਾਰ ਆ ਜਾਵੇ, ਤਾਂ ਉਹ ਸਫਲਤਾ ਨਹੀਂ ਸਗੋਂ ਅਸਫਲਤਾ ਹੈ।

**ਨਤੀਜਾ: ਅਸਲ ਜੀਵਨ ਵੱਲ ਮੋੜਾ**

ਅਸਲ ਸਿਆਣਪ ਉਦੋਂ ਆਉਂਦੀ ਹੈ ਜਦੋਂ ਅਸੀਂ ਆਪਣੇ ਆਪ ਨੂੰ ਬਿਨਾਂ ਕਿਸੇ ਤੁਲਨਾ ਦੇ ਸਵੀਕਾਰ ਕਰਦੇ ਹਾਂ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਮਿਹਨਤ ਕਰਨਾ ਛੱਡ ਦੇਈਏ, ਸਗੋਂ ਇਸ ਦਾ ਮਤਲਬ ਹੈ ਆਪਣੀ ਰਫ਼ਤਾਰ ਨੂੰ ਸਮਝਣਾ। ਸਵਾਲ ਇਹ ਨਹੀਂ ਹੋਣਾ ਚਾਹੀਦਾ ਕਿ "ਕੀ ਮੈਂ ਦੂਜਿਆਂ ਤੋਂ ਬਿਹਤਰ ਹਾਂ ?", ਸਗੋਂ ਇਹ ਹੋਣਾ ਚਾਹੀਦਾ ਹੈ ਕਿ "ਕੀ ਮੈਂ ਕੱਲ੍ਹ ਨਾਲੋਂ ਬਿਹਤਰ ਹਾਂ ?"

?ਜਦੋਂ ਅਸੀਂ ਦੂਜਿਆਂ ਦੀ ਪ੍ਰਵਾਨਗੀ ਲੱਭਣੀ ਬੰਦ ਕਰ ਦਿੰਦੇ ਹਾਂ, ਤਾਂ ਜ਼ਿੰਦਗੀ ਹੌਲੀ-ਫੁੱਲ ਵਰਗੀ ਹੋ ਜਾਂਦੀ ਹੈ। ਫਿਰ ਅਸੀਂ ਕਿਸੇ ਨੂੰ ਖੁਸ਼ ਕਰਨ ਲਈ ਨਹੀਂ, ਸਗੋਂ ਸੱਚਾਈ ਨਾਲ ਜਿਊਣ ਲਈ ਕੰਮ ਕਰਦੇ ਹਾਂ। ਰਿਸ਼ਤੇ ਵੀ ਦਿਖਾਵੇ ਦੇ ਨਹੀਂ, ਸਗੋਂ ਸੱਚੇ ਹੁੰਦੇ ਹਨ।

?ਅਖੀਰ ਵਿੱਚ, ਇਨਸਾਨ ਆਮ ਹੋਣ ਤੋਂ ਇਸ ਲਈ ਡਰਦਾ ਹੈ ਕਿਉਂਕਿ ਉਸ ਨੂੰ ਸਿਖਾਇਆ ਗਿਆ ਹੈ ਕਿ ਸਿਰਫ਼ 'ਦਿਸਣ' ਵਿੱਚ ਹੀ ਕੀਮਤ ਹੈ। ਪਰ ਡੂੰਘਾਈ, ਧੀਰਜ, ਕਿਰਦਾਰ ਅਤੇ ਮਾਨਸਿਕ ਸ਼ਾਂਤੀ ਦਿਖਾਵੇ ਨਾਲੋਂ ਕਿਤੇ ਵੱਧ ਕੀਮਤੀ ਹਨ। ਜਦੋਂ ਤੁਸੀਂ ਆਪਣੀ ਅੰਤਰ-ਆਤਮਾ ਅਤੇ ਹਮਦਰਦੀ ਨਾਲ ਜਿਊਂਦੇ ਹੋ, ਤਾਂ ਤੁਸੀਂ 'ਆਮ' ਹੋ ਜਾਂ 'ਖ਼ਾਸ', ਇਸ ਗੱਲ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਅਜਿਹੀ ਜ਼ਿੰਦਗੀ ਆਪਣੇ ਆਪ ਵਿੱਚ ਹੀ ਮੁਕੰਮਲ ਹੈ।






# ਚਾਰੇ ਪਾਸੇ ਰੱਬ ਰੱਬ ਹੋਈ ਜਾਂਦਾ ਏ, ਤੇਰਾ ਮੇਰਾ ਰੱਬ ਕਿਉਂ ਅਲੱਗ ਹੋਈ ਜਾਂਦਾ ਏ।



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਜਸਵੰਤ ਸ਼ਰਮਾ, ਤਾਰ ਬਰਾੜ ਅਤੇ ਪ੍ਰਕਾਸ਼ ਕੌਰ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਬਲਜਿੰਦਰ ਕੌਰ ਮਾਂਗਟ ਨੇ ਨਵੇਂ ਦੇਸੀ ਸਾਲ ਅਤੇ ਰਮਜ਼ਾਨ ਦੀ ਵਧਾਈ ਪਰੋਸੀ। ਹੋਲ਼ੀ, ਹੋਲ਼ਾ, ਅੰਤਰ ਰਾਸ਼ਟਰੀ ਮਹਿਲਾ ਦਿਵਸ, ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਬਾਰੇ ਬਣਦਾ ਜ਼ਿਕਰ ਕੀਤਾ। ਪਿਛਲੇ ਦਿਨੀਂ ਸਦੀਵੀ ਵਿੱਛੋੜਾ ਦੇ ਗਏ ਭੌਤਿਕ ਵਿਗਿਆਨੀ ਅਤੇ ਸਾਹਿਤਕਾਰ ਸੁਰਜੀਤ ਸਿੰਘ ਭੱਟੀ ਨੂੰ ਸ਼ਰਧਾਂਜਲੀ ਦਿੱਤੀ ਗਈ। ਚਰਨਦੀਪ ਕੌਰ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਬਾਰੇ ਆਪਣੀ ਲਿਖੀ ਕਵਿਤਾ ਪੜ੍ਹੀ - ਜੀਅ ਕਰਦੈ ਮੁੜ ਕੇ ਵੇਖਣ ਨੂੰ ਉਹ ਰੋਹ ਜਵਾਨੀ ਦਾ। ਸੋਹਣ ਸਿੰਘ ਭੁੱਚੋ ਨੇ ਇੱਕ ਨਸ਼ੇੜੀ ਕੁੜੀ ‘ਤੇ ਤਰਸਮਈ ਕਵਿਤਾ ਪੜ੍ਹੀ - ਧੀ ਬਣਾ ਕੇ ਐਨਾ ਤੈਨੂੰ ਪਿਆਰ ਦਿਆਂ, ਨਰਕ ਭਰੀ ਜ਼ਿੰਦਗੀ ਤੇਰੀ ਸੰਵਾਰ ਦਿਆਂ। ਜਸਵੀਰ ਸਿਹੋਤਾ ਨੇ ਆਪਣੀ ਸੱਜਰੀ ਨਜ਼ਮ ਸੁਣਾਈ - ਜਿਨ੍ਹਾਂ ਰੁਖਾਂ ਦੀ ਅਸੀਂ ਮਾਣੀ ਛਾਂ, ਉਹ ਨਹੀਂ ਲਭਦੇ ਹੁਣ ਪਿੰਡ ਗਿਆਂ । ਕੇਸਰ ਸਿੰਘ ਨੀਰ ਦੀ ਸਪੁੱਤਰੀ ਕਿਰਨਜੋਤ ਕੌਰ ਨੇ ਸੁਖਵਿੰਦਰ ਅੰਮ੍ਰਿਤ ਰਚਿਤ ਕਵਿਤਾ ਸੁਣਾਈ - ਜੇ ਰਾਹਾਂ ਵਿੱਚ / ਬੰਦਿਆਂ ਦੇ ਮੂੰਹਾਂ ਵਾਲ਼ੇ / ਸ਼ੇਰ ਬਘੇਲੇ ਨਾ ਹੁੰਦੇ / ਤਾਂ ਕੁੜੀਆਂ ਵੀ ਜਾ ਸਕਦੀਆਂ ਸੀ / ਬਾਬੇ ਨਾਨਕ ਵਾਂਗ ਉਦਾਸੀਆਂ ‘ਤੇ । ਗਿੱਲ ਸੁਖਮੰਦਰ ਨੇ ਸਾਜ਼ ਤੇ ਆਵਾਜ਼ ਦੇ ਸੁਰ ਤਾਲ ਨਾਲ਼ ਆਪਣਾ ਤਾਜ਼ਾ ਗੀਤ ਪੇਸ਼ ਕੀਤਾ - ਯਾਦਾਂ ਨੂੰ ਕੋਲ਼ ਬਿਠਾ ਲੈਨੇ ਆਂ ਸ਼ਾਮਾਂ ਨੂੰ। ਤਾਰ ਬਰਾੜ ਨੇ ਹੋਲ਼ੀ ਨੂੰ ਨਵੇਂ ਸੰਦਰਭ ਵਿੱਚ ਰੰਗਿਆ - ਕੋਈ ਖੇਲੇ ਹੋਲ਼ੀ ਰੰਗਾਂ ਦੀ ਕੋਈ ਖੇਲੇ ਬੰਬ ਬੰਦੂਕਾਂ ਦੀ,। ਹਰਮਿੰਦਰਪਾਲ ਸਿੰਘ ਨੇ ਸੁਰ ਅਤੇ ਲੈਅ ਵਿੱਚ ਗਾਣਾ ਗਾ ਕੇ ਪਰਪੱਕ ਗਾਇਕੀ ਦਾ ਸਬੂਤ ਦਿੱਤਾ - ਸਾਰੀ ਰਾਤ ਰੋਨੀਆਂ ਮੈਂ ਪਲ ਸੁਖ ਨੀਂ ਪਾਇਆ, ਸੱਚੀ ਦੱਸ ਵੇ ਢੋਲਾ ਕੱਲ੍ਹ ਕਿਉਂ ਨੀਂ ਆਇਆ। ਪੈਰੀ ਮਾਹਲ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਅਤੇ ਨਾਨਕੇ ਪਿੰਡ ਮੋਰਾਂ ਵਾਲ਼ੀ ਵਿਖੇ ਬਣੀ ਯਾਦਗਾਰ ਬਾਰੇ ਜਾਣਕਾਰੀ ਦਿੱਤੀ। ਉਸ ਨੇ ਕਿਹਾ ਕਿ ਔਰਤ ਦਾ ਯੋਗਦਾਨ ਆਦਮੀ ਨਾਲ਼ੋਂ ਜ਼ਿਆਦਾ ਹੈ। ਪ੍ਰਕਾਸ਼ ਕੌਰ ਨੇ ਪੰਜਾਬੀ ਯੂਨੀਵਰਸਿਟੀ ਤੋਂ ਐਮ ਏ ਕਰਨ ਸਮੇ ਇਤਿਹਾਸ ਬਾਰੇ ਲਿਖੇ ਥੀਸਿਸ ਬਾਰੇ ਕੁੱਝ ਤੱਥ ਸਾਂਝੇ ਕੀਤੇ। ਸਤਨਾਮ ਸਿੰਘ ਸ਼ੇਰਗਿੱਲ ਨੇ ਅਮਰੀਕਾ ਨੂੰ ਦੁਨੀਆਂ ਵਿੱਚ ਹੁੰਦੀਆਂ ਲੜਾਈਆਂ ਦੀ ਜੜ੍ਹ ਦੱਸਿਆ। ਇੱਥੇ ਸਾਡੇ ਪੰਜਾਬੀਆਂ ਨੂੰ ਇੱਥੋਂ ਦੇ ਕਾਇਦੇ-ਕਾਨੂੰਨ ਅਤੇ ਰਵਾਇਤਾਂ ਮੁਤਾਬਕ ਵਤੀਰਾ ਰੱਖਣ ਦੀ ਲੋੜ ਜਤਾਈ। ਪ੍ਰਿਤਪਾਲ ਸਿੰਘ ਨੇ ਜੰਗ ਵਿੱਚ ਬਦਲਦੇ ਤੌਰ ਤਰੀਕੇ ਅਤੇ ਹਥਿਆਰਾਂ ਦੀ ਗੱਲ ਕੀਤੀ। ਸਵਰਨ ਸਿੰਘ ਧਾਲ਼ੀਵਾਲ਼ ਨੇ ਪ੍ਰਗਤੀਸ਼ੀਲ ਲਹਿਰ ਨਾਲ਼ ਜੁੜ ਕੇ ਕੀਤੇ ਜਾ ਰਹੇ ਉਸਾਰੂ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ। ਬੱਬੂ ਮਾਨ ਨਾਲ਼ ਦੁਨੀਆਂ ਦੇ ਚਾਲ਼ੀ ਮੁਲਕਾਂ ਵਿੱਚ ਸਮਾਰੋਹ ਆਯੋਜਿਤ ਕਰਨ ਵਾਲ਼ੇ ਸਮਾਗਮ ਰਚਾਉਣ ਦੇ ਮਾਹਿਰ ਜਸਵੰਤ ਸ਼ਰਮਾ ਨੇ ਸ਼ੇਅਰਾਂ, ਕਾਵਿ-ਟੋਟਕਿਆਂ ਅਤੇ ਇਤਿਹਾਸਿਕ ਹਵਾਲਿਆਂ ਨਾਲ਼ ਅਹਿਮ ਵਿਸ਼ਿਆਂ ਨੂੰ ਛੋਹਿਆ। ਉਸ ਨੇ ਆਪਣੀ ਪ੍ਰਤਿਭਾਸ਼ਾਲੀ ਸ਼ੈਲੀ ਨਾਲ਼ ਦਰਸ਼ਕਾਂ ਉਪਰ ਗਹਿਰਾ ਪ੍ਰਭਾਵ ਛੱਡਿਆ। ਤਰਲੋਕ ਚੁੱਘ ਨੇ ਰੱਬ ਬਾਰੇ ਸ਼ੇਅਰ ਫ਼ੁਰਮਾਏ - ਚਾਰੇ ਪਾਸੇ ਰੱਬ ਰੱਬ ਰੱਬ ਹੋਈ ਜਾਂਦਾ ਏ, ਤੇਰਾ ਮੇਰਾ ਰੱਬ ਕਿਉਂ ਅਲੱਗ ਹੋਈ ਜਾਂਦਾ ਏ। ਪੈਂਦੀ ਸੱਟੇ ਚੁਟਕਲੇ ਸੁਣਾ ਕੇ ਹਾਸਾ ਵੀ ਬਿਖੇਰ ਗਿਆ। ਜਗਦੇਵ ਸਿੱਧੂ ਨੇ ਜੰਗ ਦੀ ਭਿਆਨਕਤਾ ਬਾਰੇ ਆਪਣੀ ਕਵਿਤਾ ‘ਦੁਹਾਈ‘ ਪੇਸ਼ ਕੀਤੀ — ਬਹੁੜੀ ਦੁਹਾਈ ਵੇ ਕੋਈ ਭਾਈਵਾਲ਼ ਬਣੋ, ਬਾਂਹ ਐਟਮ ਚੁੱਕਦੀ ਨੂੰ ਤੇ ਬੰਬ ਵਰ੍ਹਾਉਂਦੀ ਨੂੰ, ਹਾੜਾ ਵੇ ਭੰਨ ਦਿਉ ਅਮਨਾਂ ਦੀ ਢਾਲ਼ ਬਣੋ॥ ਚਰਨਜੀਤ ਸਿੰਘ ਦਿੱਲੀ, ਗੁਰਪ੍ਰੇਮ ਸਿੰਘ ਬਰਾੜ, ਨਿਰਮਲ ਸਿੰਘ, ਹਰੀ ਸਿੰਘ, ਭੂਪਿੰਦਰ ਸਿੰਘ, ਜੈ ਸਿੰਘ ਉੱਪਲ ਅਤੇ ਬੇਅੰਤ ਕੌਰ ਮਾਂਗਟ ਨੇ ਵਿੱਚਾਰ ਚਰਚਾ ਵਿੱਚ ਹਿਸਾ ਲੈ ਕੇ ਮਿਆਰ ਵਿੱਚ ਵਾਧਾ ਕੀਤਾ। ਪੇਸ਼ਕਾਰੀਆਂ ਬਾਰੇ ਬਲਜਿੰਦਰ ਕੌਰ ਮਾਂਗਟ ਦੀਆਂ ਨਿੱਕੀਆਂ-ਨਿੱਕੀਆਂ ਟਿੱਪਣੀਆਂ ਸਮੇਤ ਉਸ ਦੀ ਮੰਚ-ਸੰਚਾਲਨ-ਵਿਧੀ ਸਲਾਹੁਣਯੋਗ ਰਹੀ। ਸਾਰੀ ਕਾਰਵਾਈ ਨੂੰ ਹਰਮਿੰਦਰਪਾਲ ਸਿੰਘ ਨੇ ਕੈਮਰਾ-ਬੰਦ ਕੀਤਾ। ਅਗਲੀ ਮੀਟਿੰਗ 11 ਅਪ੍ਰੈਲ ਨੂੰ ਕੋਸੋ ਹਾਲ ਵਿੱਚ ਹੋਵੇਗੀ।

# ਫੌਲਾਦੀ ਸਰੀਰ ਵਾਲਾ ਜਗਜੀਤ ਸਿੰਘ




ਕੈਲਗਰੀ ਵਸਦੇ ਗੁਰੂਚਰਨ ਸਿੰਘ ਅਤੇ ਕਮਲਜੀਤ ਕੌਰ ਦੇ ਹੋਣਹਾਰ ਪੁੱਤਰ, ਜਗਜੀਤ ਸਿੰਘ, ਨੇ 5 ਮਾਰਚ 2026 ਨੂੰ ਕੋਲੰਬਸ ਸਿਟੀ ਓਹੀਓ ਵਿੱਚ ਐਮਿਊਟਿਊਰ ਅਰਨੋਲਡ ਕਲਾਸਿਕ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ। ਉਸਨੇ 3 ਸੋਨੇ ਅਤੇ 1 ਕਾਂਸੀ ਦਾ ਤਗਮਾ ਜਿੱਤਿਆ ਹੈ ਅਤੇ ਕੁੱਲ ਮਿਲਾ ਕੇ ਚੌਥੇ ਸਥਾਨ 'ਤੇ ਰਿਹਾ । ਬਾਡੀ ਬਿਲਡਿੰਗ ਅਤੇ ਕਲਾਸਿਕ ਫਿਟਨੈਸ ਵਿੱਚ ਉਹ ਪਿਛਲੇ 2 ਸਾਲਾਂ ਤੋਂ ਇਸ ਮੁਕਾਬਲੇ ਲਈ ਤਿਆਰ ਸੀ, ਖੁਰਾਕ ਨਿਯੰਤਰਣ ਦੇ ਨਾਲ ਸਹੀ ਕਸਰਤ, ਜਿਸ ਵਿੱਚ ਇੱਕ ਘੰਟੇ ਦੀ ਕਸਰਤ ਅਤੇ 1 ਘੰਟੇ ਦੀ ਦੌੜ ਸਾਮਿਲ ਸੀ । ਖੁਰਾਕ ਦੀ ਸੂਚੀ ਵਿੱਚ ਸਿਰਫ ਆਂਡੇ, ਚਿਕਨ, ਦਹੀਂ, ਫਲ ਅਤੇ ਸਬਜ਼ੀਆਂ ਤੋਂ ਬਿਨਾ ਹੋਰ ਹੋਰ ਕੁੱਝ ਵੀ ਨਹੀਂ। ਇਹ ਬਾਡੀ ਬਿਲਡਿੰਗ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਪੜਾਅ ਹੈ। ਜਗਜੀਤ ਨੇ 2024 ਵਿੱਚ ਸਪਿਨ ਵਿੱਚ 2 ਕਾਂਸੀ ਦੇ ਤਗਮਿਆਂ ਦੇ ਨਾਲ ਐਮਿਊਟਿਊਰ ਮਿਸਟਰ ਓਲੰਪਿਕ ਵੀ ਜਿੱਤਿਆ ਸੀ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220






# ਡਾ. ਸਰਦਾਰਾ ਸਿੰਘ ਜੌਹਲ ਦੀ ਦੁੱਧ ਚਰਚਾ

**ਪ੍ਰਿੰ. ਸਰਵਣ ਸਿੰਘ**



ਉਦੋਂ ਮੈਂ ਅਮਰਦੀਪ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਸਾਂ। ਕਾਲਜ ਦੀਆਂ ਕੁੜੀਆਂ 'ਅਮਰਦੀਪ ਮੇਲੇ' ਲਈ ਗਿੱਧੇ ਦੀ ਤਿਆਰੀ ਕਰ ਰਹੀਆਂ ਸਨ। ਮੈਂ ਰਿਹਰਸਲ ਵੇਖਣ ਗਿਆ ਤਾਂ ਮੈਨੂੰ ਸੁਨੇਹਾ ਮਿਲਿਆ ਕਿ ਜੌਹਲ ਸਾਹਿਬ ਆਏ ਨੇ। ਮੈਂ ਮੁੜ ਆਇਆ ਤੇ ਹਾਲ ਚਾਲ ਨਾਲ ਚਾਹ ਪਾਣੀ ਪੁੱਛਿਆ। ਗਿੱਧੇ 'ਚੋਂ ਵਾਰ-ਵਾਰ ਆਵਾਜ਼ਾਂ ਆਈ ਜਾਣ-ਉਹਨੇ ਕੀ ਨੱਚਣਾ, ਜੀਹਨੇ ਦੁੱਧ ਬੱਕਰੀ ਦਾ ਪੀਤਾ, ਉਹਨੇ ਕੀ ਨੱਚਣਾ !

ਜੌਹਲ ਸਾਹਿਬ ਮੁਸਕਰਾਂਦਿਆਂ ਕਹਿਣ ਲੱਗੇ, ਇਨ੍ਹਾਂ ਕੁੜੀਆਂ ਨੂੰ ਕੀ ਪਤਾ ਕਿ ਬੱਕਰੀ ਦੇ ਦੁੱਧ 'ਚ ਕਿੰਨੀਆਂ ਨੇਅਮਤਾਂ ? ਮਹਾਤਮਾ ਗਾਂਧੀ ਐਵੇਂ ਨਹੀਂ ਸੀ ਬੱਕਰੀ ਲਈ ਫਿਰਦਾ। ਸਾਡੀ ਪੰਜਾਬੀਆਂ ਦੀ ਮੱਤ ਮਾਰੀ ਹੀ ਮੱਝ ਦੇ ਦੁੱਧ ਦੇ ਨੇ ਐਂ। ਜਿਹੋ ਜਿਹੀ ਮੱਝ ਉਹੋ ਜਿਹੀ ਅਕਲ। ਕਦੇ ਸੋਚਿਆ, ਪੰਡਤ ਪੁੰਨ 'ਚ ਗਊ ਕਿਉਂ ਲੈਂਦੇ ਨੇ ? ਗੱਲਾਂ ਗਊ, ਮੱਝ, ਊਠਣੀ ਤੇ ਭੇਡ ਤੋਂ ਬੱਕਰੀ ਦੇ ਦੁੱਧ ਬਾਰੇ ਚੱਲ ਪਈਆਂ। ਕੁੜੀਆਂ ਵੱਲੋਂ ਮੁੜ ਮੁੜ ਆਵਾਜ਼ਾਂ ਆਈ ਜਾਣ-ਉਹਨੇ ਕੀ ਨੱਚਣਾ, ਜੀਹਨੇ ਦੁੱਧ ਬੱਕਰੀ ਦਾ ਪੀਤਾ ।

ਡਾ. ਜੌਹਲ ਕਹਿਣ ਲੱਗੇ ਕਿ ਮਾਂ ਦੇ ਦੁੱਧ ਤੋਂ ਬਾਅਦ ਬੱਕਰੀ ਦਾ ਦੁੱਧ ਇਨਸਾਨੀ ਦੁੱਧ ਦੇ ਸਭ ਤੋਂ ਨੇੜੇ ਹੁੰਦੈ। ਵਿਗਿਆਨਕ ਤੌਰ 'ਤੇ ਬੱਕਰੀ ਦੇ ਦੁੱਧ ਵਿੱਚ ਬੜੀਆਂ ਬਰਕਤਾਂ ਪਰ ਅਸੀਂ ਹਾਸੇ ਭਾਣੇ ਉਡਾ ਛੱਡਦੇ ਹਾਂ। ਜੇ ਕੋਈ ਬੱਚਾ ਬਿਮਾਰ ਹੋ ਜਾਵੇ ਤਾਂ ਹਕੀਮ ਬੱਕਰੀ ਦੇ ਦੁੱਧ ਦੀ ਸਿਫ਼ਾਰਸ਼ ਕਰਦੇ ਨੇ। ਪੱਛਮੀ ਮੁਲਕਾਂ 'ਚ ਬੱਕਰੀ ਦਾ ਦੁੱਧ ਗੋਕੇ ਦੁੱਧ ਤੋਂ ਤਿੰਨ ਗੁਣਾਂ ਮਹਿੰਗਾ ਵਿਕਦੈ।

ਉਹ ਕਹਿਣ ਲੱਗੇ ਕਿ ਮੈਂ ਅਸੂਲੀ ਤੌਰ 'ਤੇ ਮੱਝ ਨੂੰ ਫਾਇਦੇ ਵਾਲਾ ਦੁਧਾਰੂ ਪਸ਼ੂ ਹੀ ਨਹੀਂ ਮੰਨਦਾ। ਮੱਝ ਚਾਰਾ ਜ਼ਿਆਦਾ ਖਾਂਦੀ ਹੈ, ਦੁੱਧ ਘੱਟ ਦਿੰਦੀ ਤੇ ਗੋਹਾ ਵੱਧ ਕਰਦੀ ਹੈ। ਮੈਂ ਤਾਂ ਮੱਝ ਨੂੰ ਹਰੇ ਚਾਰੇ ਤੋਂ ਗੋਬਰ ਬਣਾਉਣ ਵਾਲੀ ਮਸ਼ੀਨ ਸਮਝਦਾਂ। ਚਾਰੇ ਦੇ ਹਿਸਾਬ ਨਾਲ ਦਿੱਤੇ ਮੱਝ ਦੇ ਦੁੱਧ ਵਿੱਚ ਚਰਬੀ ਬਹੁਤੀ ਹੁੰਦੀ ਹੈ ਜਿਸ ਨੂੰ ਆਮ ਬੋਲ ਚਾਲ ਵਿੱਚ ਫੈਟ ਕਹਿੰਦੇ ਹਨ। ਮੱਝ ਦੇ ਮੁਕਾਬਲੇ ਗਊ ਦੀ ਘੱਟ ਚਾਰਾ ਖਾ ਕੇ ਵੱਧ ਦੁੱਧ ਦੇਣ ਦੀ ਸਮਰੱਥਾ ਹੈ। ਕਿਉਂਕਿ ਗਊ ਵੱਧ ਦੁੱਧ ਦਿੰਦੀ ਹੈ ਇਸ ਲਈ ਉਸ ਦੇ ਦੁੱਧ ਵਿੱਚ ਚਰਬੀ ਘੱਟ ਹੁੰਦੀ ਹੈ। ਚੰਗੀ ਨਸਲ ਦੀਆਂ ਗਊਆਂ ਇੱਕ ਸੂਏ ਵਿੱਚ ਪੰਜ ਹਜ਼ਾਰ ਲੀਟਰ ਦੇ ਕਰੀਬ ਦੁੱਧ ਦੇ ਦਿੰਦੀਆਂ ਹਨ ਜਦ ਕਿ ਮੱਝ ਮਸੀਂ ਦੋ ਢਾਈ ਹਜ਼ਾਰ ਲੀਟਰ ਦੁੱਧ ਦਿੰਦੀ ਹੈ।

ਡਾ. ਜੌਹਲ ਨੇ ਅਫਸੋਸ ਪਰਗਟ ਕੀਤਾ ਕਿ ਸਾਡੀ ਪੰਜਾਬੀਆਂ ਦੀ ਸੋਚ ਅਜਿਹੀ ਬਣ ਗਈ ਹੈ ਕਿ ਵੱਧ ਚਰਬੀ ਵਾਲਾ ਦੁੱਧ ਹੀ ਅਸੀਂ ਅਸਲੀ ਦੁੱਧ ਸਮਝਦੇ ਹਾਂ। ਤਿੰਨ ਚਾਰ ਫੀਸਦੀ ਚਰਬੀ ਵਾਲੇ ਦੁੱਧ ਨੂੰ ਤਾਂ ਅਸੀਂ ਦੁੱਧ ਹੀ ਨਹੀਂ ਸਮਝਦੇ। ਸਾਨੂੰ ਦੁੱਧ ਬਾਰੇ ਆਪਣੀ ਸੋਚ ਬਦਲਣ ਦੀ ਲੋੜ ਹੈ। ਚਰਬੀ ਦੁੱਧ ਨਹੀਂ ਹੁੰਦੀ ਸਗੋਂ ਇਹ ਸਿਹਤ ਲਈ ਨੁਕਸਾਨਦੇਹ ਹੁੰਦੀ ਹੈ। ਵੈਸੇ ਵੀ ਮੱਝ ਦੇ ਦੁੱਧ ਵਿੱਚ ਜੋ ਚਰਬੀ ਹੁੰਦੀ ਹੈ, ਉਸ ਦੇ ਦਾਣੇ (ਗਲੋਬੀਉਲ) ਵੱਡੇ ਹੁੰਦੇ ਹਨ ਜੋ ਇਨਸਾਨੀ ਖ਼ੁਰਾਕ ਲਈ ਚੰਗੇ ਨਹੀਂ। ਗਊ ਦੇ ਦੁੱਧ ਦੀ ਚਰਬੀ ਦੇ ਦਾਣੇ ਛੋਟੇ ਅਤੇ ਇਨਸਾਨੀ ਦੁੱਧ ਦੇ ਨੇੜੇ ਹੁੰਦੇ ਹਨ। ਨਾਲੇ ਜਿਹੋ ਜਿਹੇ ਜਾਨਵਰ ਦਾ ਦੁੱਧ ਪੀਵੀਏ ਉਹੋ ਜਿਹੀ ਸਾਡੀ ਬੁੱਧ ਬਣ ਜਾਂਦੀ ਹੈ। ਮਾਂ ਦੇ ਦੁੱਧ ਦੀ ਸਿਫ਼ਤ ਇਸੇ ਕਰਕੇ ਕੀਤੀ ਜਾਂਦੀ ਹੈ। ਮੈਂ ਸੋਚਦਾਂ ਕਿ ਪੰਜਾਬੀਆਂ ਨੂੰ ਦੁੱਧ ਚੁੰਘਾਉਣ ਵਾਲੀ ਮਾਂ ਤਾਂ ਦਰਅਸਲ ਮੱਝ ਹੀ ਹੈ। ਇਸ ਬੁੱਧੀਹੀਣ, ਮੋਟੀ ਚਮੜੀ ਵਾਲੇ ਅਤੇ ਮੋਟੇ ਹੱਡਾਂ ਤੇ ਪੱਠਿਆਂ ਵਾਲੇ ਜਾਨਵਰ ਦਾ ਦੁੱਧ ਪੀ-ਪੀ ਕੇ ਅਸੀਂ ਬਹਾਦਰ ਤੇ ਧੱਕੜ ਤਾਂ ਬਣ ਗਏ। ਮੱਝਾਂ ਦੀਆਂ ਪੂਛਾਂ ਵਰਗੀਆਂ ਗਾਲ੍ਹਾਂ ਵੀ ਕੱਢਣ ਦੇ ਕਾਬਲ ਹੋ ਗਏ ਪਰ ਨੀਤੀ, ਸੂਖਮਤਾ ਤੇ ਬੁੱਧ-ਵਿਹਾਰ ਵਿੱਚ ਮਾਰ ਖਾ ਗਏ। ਬ੍ਰਾਹਮਣ ਕਪਲਾ ਗਊ ਜੱਟਾਂ ਕੋਲੋਂ ਏਸੇ ਲਈ ਦਾਨ ਕਰਵਾ ਲੈਂਦੇ ਸੀ ਕਿ ਜੱਟਾਂ ਕੋਲ ਰਹੀ ਤਾਂ ਇਹਦਾ ਦੁੱਧ ਪੀ ਲੈਣਗੇ ਤੇ ਸਾਡੇ ਵਾਂਗ ਅਕਲਮੰਦ ਹੋ ਜਾਣਗੇ। ਮੂਰਖ ਜਾਨਵਰ ਦਾ ਦੁੱਧ ਪਿਆ ਕੇ ਹੀ ਉਨ੍ਹਾਂ ਨੂੰ ਮੂਰਖ ਰੱਖਿਆ ਜਾ ਸਕਦਾ ਸੀ। ਕਦੇ ਕਿਸੇ ਪੰਡਤ ਨੂੰ ਮੱਝ ਦਾ ਦਾਨ ਲੈਂਦੇ ਸੁਣਿਆਂ ?

ਡਾ. ਜੌਹਲ ਨੇ 'ਰੰਗਾਂ ਦੀ ਗਾਗਰ' ਪੁਸਤਕ ਵਿੱਚ ਲਿਖਿਆ ਹੈ, ਮੈਂ ਤਾਂ ਸਮਝਦਾ ਹਾਂ ਕਿ ਪੰਜਾਬ ਦਾ ਸਾਰਾ ਸਿਆਸੀ ਜਾਂ ਸਮਾਜਿਕ ਮਸਲਾ ਹੀ ਮੱਝਾਂ ਕਰਕੇ ਪੈਦਾ ਹੋਇਆ ਹੈ। ਸਾਡੇ ਸਿਆਸੀ ਲੀਡਰ ਅਤੇ ਧਾਰਮਕ ਤੇ ਸਮਾਜਕ ਆਗੂ ਮੱਝਾਂ ਦਾ ਸੰਘਣਾ ਦੁੱਧ ਪੀਂਦੇ ਤੇ ਘਿਉ ਖਾਂਦੇ ਹਨ ਜੀਹਦੇ ਖੁੱਲ੍ਹੇ ਗੱਫੇ ਲੱਗਦੇ ਹਨ। ਇਸ ਪਾਸੇ ਕਿਸੇ ਹੋਰ ਨੂੰ ਤਾਂ ਕਮੀ ਹੋਵੇਗੀ, ਪਰ ਇਨ੍ਹਾਂ ਲੀਡਰਾਂ ਤੇ ਆਗੂਆਂ ਨੂੰ ਤਾਂ ਕੋਈ ਕਮੀ ਹੈ ਹੀ ਨਹੀਂ। ਇਸ ਖ਼ੁਰਾਕ ਨਾਲ ਬੁਧੀ 'ਤੇ ਚਰਬੀ ਦੀਆਂ ਤੈਹਾਂ ਜੰਮ ਗਈਆਂ ਹਨ ਅਤੇ ਚਰਬੀ ਵੀ ਮੂਰਖ, ਬੁਧੀਹੀਣ ਮੋਟੀ ਚਮੜੀ ਵਾਲੇ ਪਸ਼ੂ ਦੀ। ਆਪਣੇ ਸਮਾਜਕ, ਆਰਥਕ ਤੇ ਸਿਆਸੀ ਹਿੱਤਾਂ ਵਾਸਤੇ ਵੀ ਮੱਝ ਵਾਲੀ ਢੀਠਤਾ ਨਾਲ ਇਹ ਆਗੂ ਡਟੇ ਹੋਏ ਹਨ। ਸਮਾਜਕ ਹਿੱਤਾਂ ਬਾਰੇ ਸੋਚਣ ਦੇ ਇਹ ਸਮਰੱਥ ਹੀ ਨਹੀਂ ਰਹੇ। ਬ੍ਰਾਹਮਣੀ ਕੇਂਦਰੀ ਰਾਜ ਦੇ ਲੀਡਰ ਮੱਝਾਂ ਦੀ ਚਰਬੀ ਤੋਂ ਬਚੇ ਹੋਏ ਹਨ। ਇਸੇ ਕਰਕੇ ਸਾਡੇ ਲੀਡਰਾਂ ਨੂੰ ਦੁੜਕੀ ਲਾਈ ਫਿਰਦੇ ਹਨ। ਸਮਾਜਕ ਅਤੇ ਮਾਨਸਕ ਪੱਖ ਤੋਂ ਸਾਡੇ ਵਿਗਿਆਨੀਆਂ ਨੂੰ ਮੱਝਾਂ ਦੀ ਥਾਂ ਗਊਆਂ ਦੀਆਂ ਉੱਨਤ ਕਿਸਮਾਂ ਪੈਦਾ ਕਰਨ ਅਤੇ ਗੋਕੇ ਦੁੱਧ ਦੇ ਉਤਪਾਦਨ ਵਿੱਚ ਵਾਧਾ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ। ਆਰਥਕ ਪੱਖ ਤੋਂ ਤਾਂ ਗਊ ਮੱਝ ਨਾਲੋਂ ਕਿਤੇ ਵੱਧ ਲਾਹੇਵੰਦ ਹੈ ਹੀ, ਖ਼ੁਰਾਕੀ ਪੱਖੋਂ ਵੀ ਗੋਕਾ ਦੁੱਧ ਕਿਤੇ ਵਧੀਆ ਹੈ।

ਜੌਹਲ ਸਾਹਿਬ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਇੱਕ ਲੇਖ 'ਮੱਝਾਂ ਦਾ ਦੁੱਧ ਪੀਣ ਵਾਲੇ' ਛਪਵਾਇਆ ਜਿਸ ਵਿੱਚ ਲਿਖਿਆ, ਮੱਝਾਂ ਸਿੰਗ ਫਸਾ ਬਹਿੰਦੀਆਂ ਹਨ ਤੇ ਝੋਟੇ ਖੌਰੂ ਪਾਏ ਬਿਨਾਂ ਨਹੀਂ ਰਹਿੰਦੇ। ਉਹ ਭਿੜਨ ਦਾ ਬਹਾਨਾ ਈ ਭਾਲਦੇ ਹਨ। ਇੱਕ ਝੋਟਾ ਦੂਜੇ ਨੂੰ ਵੇਖ ਨਹੀਂ ਸਖਾਉਂਦਾ। ਇਹੋ ਹਾਲ ਮਾਝਾ ਦੁੱਧ ਪੀਣ ਵਾਲਿਆਂ ਦਾ ਹੈ। ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਨੂੰ ਖੋਜ ਕਰਵਾਉਣੀ ਚਾਹੀਦੀ ਹੈ ਕਿ ਪੰਜਾਬੀ ਹੀ ਮੱਝਾਂ ਦਾ ਦੁੱਧ ਵੱਧ ਕਿਉਂ ਪੀਂਦੇ ਹਨ ? ਪੰਜਾਬ ਵਿੱਚ ਗਊਆਂ ਤੇ ਬੱਕਰੀਆਂ ਦਾ ਦੁੱਧ ਕਿਉਂ ਨਹੀਂ ਵਧੇਰੇ ਪੀਤਾ ਜਾਂਦਾ ? ਪੰਜਾਬ ਦੇ ਲਵੇਰਿਆਂ ਵਿੱਚ ਮੱਝਾਂ ਦੀ ਸਰਦਾਰੀ ਕਿਉਂ ਹੈ ? ਕਿਤੇ ਮੱਝਾਂ ਦਾ ਵੱਧ ਦੁੱਧ ਪੀਣ ਵਾਲੇ ਹੀ ਪੰਜਾਬ ਦੇ ਲੀਡਰ ਤਾਂ ਨਹੀਂ ਬਣੀ ਜਾ ਰਹੇ ? ਜੇ ਉਹੀ ਬਣੀ ਜਾ ਰਹੇ ਨੇ ਤਾਂ ਉਨ੍ਹਾਂ ਨੂੰ ਸਿੰਗ ਫਸਾਉਣ, ਖੌਰੂ ਪਾਉਣ ਤੇ ਖਹਿਣ ਭਿੜਨ ਤੋਂ ਹਟਾਉਣ ਦਾ ਟੀਕਾ ਵੀ ਤਿਆਰ ਕਰਵਾਉਣਾ ਚਾਹੀਦੈ। ਪੰਜਾਬ ਦੀ ਪਸ਼ੂ ਪਾਲਣ ਯੂਨੀਵਰਸਿਟੀ ਪਹਿਲ ਦੇ ਆਧਾਰ 'ਤੇ ਟੀਕਾ ਤਿਆਰ ਕਰਵਾਵੇ। ਕਿਹਾ ਜਾਂਦੈ ਕਿ ਮੈਂਹਾਂ ਮੈਂਹੇਂ ਦਾ ਵੈਰੀ ਹੁੰਦੈ। ਯੂਨੀਵਰਸਿਟੀ ਖੋਜ ਕਰਵਾਵੇ ਕਿ ਅਜਿਹਾ ਕਿਉਂ ਹੁੰਦੈ ?

ਹੁਣ ਤਾਂ ਮਖੌਲੀਆ ਗੁਰਦੀਪ ਮਨਾਲੀਆ ਵੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਸਕਦੈ। ਵੇਖਦੇ ਆਂ ਉਹ ਕੀਹਦਾ ਮਖੌਲ ਉਡਾਉਂਦਾ ਤੇ ਕਿਹੋ ਜਿਹਾ ਦੁੱਧ ਪਿਆਉਂਦਾ ?


Chelsea Court TOWNHOMES

ਤੁਹਾਡੇ ਪਰਿਵਾਰ ਲਈ ਉਹ ਜਗਾ ਜਿਸ ਨੂੰ ਤੁਸੀਂ ਘਰ ਕਹਿ ਸਕੋ

CHESTERMERE TOWNHOMES STARTING FROM THE $300'S




ਚੇਲਸੀਆ ਕੋਰਟ ਗੈਰੇਜਾਂ ਦੇ ਨਾਲ ਕਿਫਾਇਤੀ 3 ਅਤੇ 4 ਬੈੱਡਰੂਮ ਵਾਲੇ ਟਾਊਨਹੋਮਸ ਦੀ ਪੇਸ਼ਕਸ਼ ਕਰਦਾ ਹੈ

- ਕਾਰਜਸ਼ੀਲ ਫਲੋਰਪਲਾਨ ਜੋ ਹਰ ਵਰਗ ਫੁੱਟ ਨੂੰ ਵੱਧ ਤੋਂ ਵੱਧ ਕਰਦੇ ਹਨ
- ਸਕੂਲਾਂ, ਪਾਰਕਾਂ ਅਤੇ ਰੋਜ਼ਾਨਾ ਦੀਆਂ ਸਹੂਲਤਾਂ ਦੇ ਨੇੜੇ
- ਆਧੁਨਿਕ ਰਸੋਈਆਂ ਅਤੇ ਚਮਕਦਾਰ ਵਿਸ਼ਾਲ ਅੰਦਰੂਨੀ
- ਕੈਲਗਰੀ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ
- ਰੱਖ-ਰਖਾਅ-ਮੁਕਤ ਘਰ

LIMITED QUICK POSSESSIONS AVAILABLE!



*Based on a purchase price of $398,900 on a 30-year mortgage at 3.94% (5 Year fixed) with 5% down

ਹੋਰ ਜਾਣਕਾਰੀ ਲਈ ਇਸ ਐਡਰੈਸ ਉੱਪਰ ਆਓ #84, 285 CHELSEA COURT, CHESTERMERE • 587.330.1009

CANADA BEST MANAGED COMPANIES Platinum member 2004 - 2025

Top-rated Homebuilder 4.4

Certified B Corporation Four Time Best For The World Honoree

Find out more at ChelseaCourtTownhomes.ca

Trico Homes™

ਲੋਕ ਕਥਾ

# ਰਾਜਾ ਰਸਾਲੂ



ਪੰਜਾਬੀ ਲੋਕਧਾਰਾ ਸ਼ਾਸਤਰੀ
ਸੁਖਦੇਵ ਮਾਦਪੁਰੀ

ਭਾਵੇਂ ਪੰਜਾਬ ਦੇ ਇਤਿਹਾਸ ਵਿਚ ਰਾਜਾ ਰਸਾਲੂ ਦਾ ਨਾਂ ਸਥਾਈ ਤੌਰ 'ਤੇ ਕਿਧਰੇ ਨਜ਼ਰ ਨਹੀਂ ਆਉਂਦਾ ਪ੍ਰੰਤੂ ਉਹ ਪੰਜਾਬ ਦੇ ਲੋਕ ਮਾਨਸ ਦਾ ਇਕ ਅਜਿਹਾ ਹਰਮਨ-ਪਿਆਰਾ ਲੋਕ ਨਾਇਕ ਹੈ ਜਿਸ ਦੇ ਨਾਂ ਨਾਲ ਅਨੇਕਾਂ ਦਿਲਚਸਪ ਤੇ ਰਸ-ਭਰਪੂਰ ਕਹਾਣੀਆਂ ਜੁੜੀਆਂ ਹੋਈਆਂ ਹਨ। ਉਸ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਅਤੇ ਸੂਰਬੀਰਤਾ ਭਰੇ ਕਾਰਨਾਮਿਆਂ ਨੂੰ ਬਹੁਤ ਸਾਰੇ ਲੋਕ ਕਵੀਆਂ ਨੇ ਆਪਣੀਆਂ ਵਾਰਾਂ ਅਤੇ ਕਿੱਸਿਆਂ ਵਿਚ ਗਾਇਆ ਹੈ।

ਕਹਿੰਦੇ ਹਨ ਰਾਜਾ ਰਸਾਲੂ ਸਿਆਲਕੋਟ (ਪਾਕਿਸਤਾਨ) ਦੇ ਰਾਜਾ ਸਲਵਾਨ ਦਾ ਪੁੱਤਰ ਸੀ, ਪੂਰਨ ਭਗਤ ਦਾ ਛੋਟਾ ਭਰਾ, ਜੋ ਸਲਵਾਨ ਦੀ ਢਲਦੀ ਉਮਰ ਵਿਚ ਰਾਣੀ ਲੂਣਾਂ ਦੀ ਕੁੱਖੋਂ ਪੂਰਨ ਦੇ ਵਰ ਨਾਲ ਪੈਦਾ ਹੋਇਆ।

ਰਸਾਲੂ ਦਾ ਜਨਮ ਸਾਰੇ ਸਿਆਲਕੋਟ ਲਈ ਖ਼ੁਸ਼ੀਆਂ ਅਤੇ ਖੇੜਿਆਂ ਦਾ ਢੋਆ ਲੈ ਕੇ ਆਇਆ ਸਾਰੇ ਸ਼ਹਿਰ ਵਿਚ ਘਿਓ ਦੇ ਦੀਵੇ ਬਾਲੇ ਗਏ, ਖ਼ੈਰਾਤਾਂ ਵੰਡੀਆਂ ਗਈਆਂ ਪ੍ਰੰਤੂ ਵਹਿਮਾਂ-ਭਰਮਾਂ 'ਚ ਗਰੱਸੇ ਸਲਵਾਨ ਨੂੰ ਕਿਸੇ ਜੋਤਸ਼ੀ ਨੇ ਆਖਿਆ, "ਰਾਜਨ ਪੂਰੇ ਬਾਰਾਂ ਵਰ੍ਹੇ ਇਹਦੇ ਮੱਥੇ ਨਾ ਲੱਗੀਂ, ਨਹੀਂ ਤੇਰੀ ਮੌਤ ਹੋ ਜਾਵੇਗੀ।"

ਰਾਜਾ ਸਲਵਾਨ ਸੋਚੀਂ ਪੈ ਗਿਆ ਆਪਣੇ ਵਜ਼ੀਰਾਂ ਨਾਲ ਸਲਾਹ-ਮਸ਼ਵਰਾ ਕਰਕੇ ਹੁਕਮ ਸੁਣਾ ਦਿੱਤਾ, "ਰਸਾਲੂ ਨੂੰ ਬਾਰਾਂ ਵਰ੍ਹੇ ਲਈ ਭੋਰੇ 'ਚ ਪਾ ਦੇਵੋ।" ਕੇਹਾ ਬਾਪ ਸੀ ਉਹ ਜਿਹੜਾ ਸੁੱਖਾਂ-ਸੁੱਖ ਕੇ ਪ੍ਰਾਪਤ ਕੀਤੇ ਪੁੱਤ ਦੇ ਮੱਥੇ ਲੱਗਣੋਂ ਵੀ ਡਰ ਰਿਹਾ ਸੀ ਲੂਣਾਂ ਕੁਰਲਾਉਂਦੀ ਰਹੀ..ਲੋਰੀਆਂ ਦੇਣ ਦੀ ਉਹਦੀ ਰੀਝ ਤੜਪਦੀ ਰਹੀ ਅਲੂਏਂ ਜੁਆਕ ਨੂੰ ਇਕ ਵੱਖਰੇ ਮਹਿਲ ਵਿਚ ਭੇਜ ਦਿੱਤਾ ਗਿਆ..। ਉਸ ਮਹਿਲ ਵਿਚ ਰਸਾਲੂ ਲਈ ਸਾਰੀਆ ਸੁੱਖ ਸੁਵਿਧਾਵਾਂ ਹਾਸਲ ਸਨ ਪ੍ਰੰਤੂ ਉਸ ਨੂੰ ਇਸ ਮਹਿਲ ਵਿੱਚੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ। ਇਕ ਤਰਖਾਣਾਂ ਦਾ ਮੁੰਡਾ ਤੇ ਇਕ ਸੁਨਿਆਰਾਂ ਦਾ ਮੁੰਡਾ ਉਹਦੇ ਨਾਲ ਖੇਡਣ ਲਈ ਛੱਡੇ ਗਏ ਤੇ ਦਾਈ ਸਕੀ ਮਾਂ ਦੀ ਨਿਆਈਂ ਉਹਦੀ ਪਾਲਣਾ ਪੋਸ਼ਣਾ ਕਰਨ ਲੱਗੀ!

ਮਾਂ-ਬਾਪ ਦੀ ਮਮਤਾ ਤੋਂ ਵਿਹੂਣਾ ਰਸਾਲੂ ਦਿਨ, ਮਹੀਨੇ, ਸਾਲ ਬਿਤਾਉਂਦਾ ਹੋਇਆ ਵੱਡਾ ਹੋਣ ਲੱਗਾ। ਉਹਦੀ ਰਾਜ ਦਰਬਾਰ ਲਈ ਲੋੜੀਂਦੀ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਘੋੜ ਸਵਾਰੀ, ਸ਼ਸਤਰ ਸਿੱਖਿਆ, ਤੀਰ-ਅੰਦਾਜ਼ੀ ਅਤੇ ਤਲਵਾਰ ਚਲਾਉਣ ਦੇ ਹੁਨਰ ਵਿਚ ਉਹਨੇ ਮੁਹਾਰਤ ਹਾਸਲ ਕਰ ਲਈ। ਯੋਗ ਸਾਧਨਾ ਅਤੇ ਕਸਰਤ ਕਰਨ ਦੇ ਸ਼ੌਕ ਨੇ ਉਹਦੇ ਸਰੀਰ ਨੂੰ ਸਢੌਲ ਤੇ ਗੇਲੀ ਵਰਗਾ ਮਜ਼ਬੂਤ ਬਣਾ ਦਿੱਤਾ। ਅੱਥਰੀ ਜਵਾਨੀ ਭਲਾ ਕਿੰਨੀ ਕੁ ਦੇਰ ਕਿਲੇ ਦੀ ਕੈਦ ਵਿਚ ਰਹਿ ਸਕਦੀ ਹੈ। ਰਾਜੇ ਦੇ ਸਖ਼ਤ ਹੁਕਮ ਵੀ ਉਸ ਨੂੰ ਤੋੜ ਨਾ ਸਕੇ। ਰਸਾਲੂ ਨੇ ਕਿਲੇ ਤੋਂ ਬਾਹਰ ਜਾਣਾ ਸ਼ੁਰੂ ਕਰ ਦਿੱਤਾ।

ਹੁਸਨ ਦਾ ਰਸੀਆ ਅਤੇ ਸ਼ਿਕਾਰ ਖੇਡਣ ਦਾ ਸ਼ੌਕੀਨ। ਰਸਾਲੂ ਆਪਣੇ ਬਾਂਕੇ ਘੋੜੇ 'ਤੇ ਅਸਵਾਰ ਹੋ ਕੇ ਸ਼ਹਿਰ ਵਿਚ ਗੇੜਾ ਮਾਰਨ ਲੱਗਾ! ਕਈ ਅਵੱਲੜੇ ਸ਼ੌਕ ਉਸ ਨੇ ਪਾਲੇ ਹੋਏ ਸਨ..ਉਹਨੂੰ ਪਾਣੀ ਭਰਦੀਆਂ ਸੋਹਣੀਆਂ ਮੁਟਿਆਰਾਂ ਦੇ ਗੁਲੇਲਾਂ ਨਾਲ ਘੜੇ ਭੰਨ ਕੇ ਅਨੂਠਾ ਸੁਆਦ ਆਉਂਦਾ ਸੀ। ਨਿੱਤ ਨਵੀਆਂ ਗਾਗਰਾਂ ਤੇ ਘੜੇ ਭੰਨੇ ਜਾਂਦੇ। ਲੂਣਾਂ ਕੋਲ ਮੁਟਿਆਰਾ ਨੇ ਜਾ ਸ਼ਿਕਾਇਤਾਂ ਕੀਤੀਆਂ। ਰਾਣੀ ਨੇ ਉਨ੍ਹਾਂ ਨੂੰ ਪਿੱਤਲ ਤੇ ਲੋਹੇ ਦੀਆਂ ਗਾਗਰਾਂ ਲੈ ਕੇ ਦਿੱਤੀਆਂ ਪਰ ਰਸਾਲੂ ਨੇ ਤੀਰ ਕਮਾਣਾਂ ਨਾਲ ਉਨ੍ਹਾਂ ਵਿਚ ਛੇਕ ਕਰਨੇ ਸ਼ੁਰੂ ਕਰ ਦਿੱਤੇ। ਮੁਟਿਆਰਾਂ ਉਸ ਦੀਆਂ ਆਪਹੁਦਰੀਆਂ ਤੋਂ ਸਤੀਆਂ ਪਈਆਂ ਸਨ। ਰਾਜਾ ਸਲਵਾਨ ਦੇ ਦਰਬਾਰ ਵਿਚ ਰਸਾਲੂ ਦੀਆਂ ਆਪਹੁਦਰੀਆਂ ਹਰਕਤਾਂ ਦੀਆਂ ਸ਼ਿਕਾਇਤਾਂ ਪੁੱਜੀਆਂ। ਉਹ ਇਹ ਨਹੀਂ ਚਾਹੁੰਦਾ ਕਿ ਉਹਦੀ ਪਰਜਾ ਉਹਦੇ ਪੁੱਤ ਹੱਥੋਂ ਦੁਖੀ ਹੋਵੇ। ਉਸ ਤੋਂ ਛੁਟਕਾਰਾ ਪਾਉਣ ਲਈ ਸਲਵਾਨ ਨੇ ਰਸਾਲੂ ਦਾ ਪੁਤਲਾ ਬਣਾ ਕੇ ਸ਼ਹਿਰ ਦੇ ਮੁੱਖ-ਦੁਆਰ 'ਤੇ ਖੜਾ ਕਰ ਦਿੱਤਾ।

ਰਸਾਲੂ ਜਦੋਂ ਸ਼ਿਕਾਰ ਖੇਡ ਕੇ ਆਪਣੇ ਸ਼ਹਿਰ ਸਿਆਲਕੋਟ ਵਾਪਸ ਪਰਤਿਆਂ ਤਾਂ ਸ਼ਹਿਰ ਦੇ ਮੁੱਖ ਦੁਆਰ 'ਤੇ ਆਪਣਾ ਪੁਤਲਾ ਵੇਖ ਕੇ ਸਮਝ ਗਿਆ ਕਿ ਇਹ ਤਾਂ ਉਹਦੇ ਲਈ ਦੇਸ ਨਿਕਾਲੇ ਦਾ ਹੁਕਮ ਹੈ। ਆਪਣੇ ਰਾਜੇ ਬਾਪ ਦਾ ਹੁਕਮ ਸਿਰ ਮੱਥੇ ਮੰਨ ਕੇ ਰਸਾਲੂ ਉਨ੍ਹੀਂ ਪੈਰੀਂ ਵਾਪਸ ਮੁੜ ਗਿਆ। ਉਹਨੇ ਆਪਣੇ ਨਾਲ ਪੰਜ ਸੱਤ ਗੱਭਰੂ ਲਏ, ਹਥਿਆਰਾਂ ਨਾਲ ਲੈਸ ਹੋ ਕੇ ਘੋੜੇ 'ਤੇ ਅਸਵਾਰ ਹੋ ਉਹ ਨਵੀਆਂ ਰਾਹਾਂ ਦੀ ਭਾਲ ਲਈ ਤੁਰ ਪਿਆ। ਹੁਣ ਉਹਦੇ ਲਈ ਚਾਰੇ ਜਾਗੀਰਾਂ ਖੁੱਲ੍ਹੀਆਂ ਸਨ। ਹੁਸਨਾਂ ਦੇ ਰਸੀਏ ਰਾਜਾ ਰਸਾਲੂ ਦੀ ਸੁੰਦਰਤਾ ਅਤੇ ਅਮੋੜ ਸੁਭਾਅ ਦੇ ਕਿੱਸੇ ਆਂਢੀ-ਗੁਆਂਢੀ ਰਾਜ ਦਰਬਾਰ ਦੇ ਮਹਿਲਾਂ ਤਕ ਫੈਲ ਗਏ ਸਨ। ਕਈ ਸ਼ਹਿਜ਼ਾਦੀਆਂ ਉਹਦਾ ਮੁੱਖੜਾ ਦੇਖਣ ਲਈ ਤਰਸ ਰਹੀਆਂ ਸਨ।

ਆਥਣ ਪਸਰ ਰਹੀ ਸੀ ਜਦੋਂ ਰਸਾਲੂ ਨੀਲੇ ਸ਼ਹਿਰ ਪੁੱਜਾ। ਸ਼ਹਿਰ ਦੇ ਦੁਆਰ 'ਤੇ ਉਹ ਇਕ ਬੁੱਢੀ ਮਿਲੀ ਜੋ ਵਿਰਲਾਪ ਕਰ ਰਹੀ ਸੀ। ਤੈਨੂੰ ਕਿਹੜਾ ਦੁੱਖ ਐ ਜੀਹਦੇ ਕਰਕੇ ਐਨਾ ਵਿਰਲਾਪ ਕਰ ਰਹੀ ਐਂ?"

"ਵੇ ਪੁੱਤ ਪਰਦੇਸੀਆ ਕੀ ਦੱਸਾਂ", ਬੁੱਢੀ ਮਾਈ ਘੋੜ ਸਵਾਰ ਵੱਲ ਤਰਸੇਵੇਂ ਭਰੀਆਂ ਅੱਖਾਂ ਨਾਲ ਦੇਖਦੀ ਹੋਈ ਬੋਲੀ, "ਮੈਂ ਸੱਤ ਪੁੱਤਾਂ ਦੀ ਮਾਂ ਆਂ, ਏਸ ਸ਼ਹਿਰ ਦੇ ਨਾਲ ਦੀ ਨਗਰੀ ਆਦਮਖੋਰ ਦਿਉਆਂ ਦੀ ਐ। ਸਾਡੇ ਸ਼ਹਿਰ ਦੇ ਹਾਕਮ ਹਰ ਰੋਜ਼ ਵਾਰੀ ਨਾਲ ਇਕ ਗੱਭਰੂ ਨੂੰ ਆਦਮਖੋਰਾਂ ਦਾ ਖਾਜਾ ਬਣਨ ਲਈ ਭੇਜਦੇ ਨੇ। ਵਾਰੋ-ਵਾਰੀ ਮੇਰੇ ਛੇ ਪੁੱਤ ਆਦਮ-ਖੋਰਾਂ ਦਾ ਖਾਜਾ ਬਣ ਚੁੱਕੇ ਨੇ ਅੱਜ ਫੇਰ ਸੱਤਵੇਂ ਦੀ ਵਾਰੀ ਐ।

ਮਾਈ ਦਾ ਵਿਰਲਾਪ ਸੁਣ ਕੇ ਰਸਾਲੂ ਦਾ ਦਿਲ ਪਸੀਜ ਗਿਆ। ਉਹਨੇ ਮਾਈ ਨੂੰ ਧਰਵਾਸਾ ਦਿੰਦਿਆਂ ਆਖਿਆ, "ਮਾਤਾ ਤੂੰ ਘਬਰਾ ਨਾ ਤੇਰੇ ਪੁੱਤ ਦੀ ਵਾਰੀ ਮੈਂ ਭੁਗਤਾਂਗਾ।"

ਮਾਈ ਨੇ ਸੁਖ ਦਾ ਸਾਹ ਲਿਆ ਤੇ ਰਸਾਲੂ ਨੂੰ ਸੈਆਂ ਅਸੀਸਾਂ ਦਿੱਤੀਆਂ। ਸ਼ਹਿਰ ਦੇ ਹਾਕਮ ਰਸਾਲੂ ਨੂੰ ਆਦਮਖੋਰਾਂ ਦਾ ਖਾਜਾ ਬਣਨ ਲਈ ਲੈ ਤੁਰੇ..। ਘੋੜੇ 'ਤੇ ਅਸਵਾਰ ਰਸਾਲੂ ਦਾ ਜਾਹੋ-ਜਲਾਲ ਝੱਲਿਆ ਨਹੀਂ ਸੀ ਜਾਂਦਾ। ਆਦਮਖੋਰਾਂ ਦੀ ਨਗਰੀ 'ਚ ਵੜਦਿਆਂ ਹੀ ਰਸਾਲੂ ਨੇ ਤਲਵਾਰ ਮਿਆਨ ਵਿੱਚੋਂ ਧੂਹ ਲਈ ਤੇ ਲੱਗਾ ਵਾਰ ਤੇ ਵਾਰ ਕਰਨ..। ਆਦਮਖੋਰਾਂ 'ਚ ਥਰਥੱਲੀ ਮੱਚ ਗਈ। ਕਿਸੇ ਦਾ ਸਿਰ ਵੱਢਿਆ ਗਿਆ ਕਿਸੇ ਦੀ ਬਾਂਹ। ਉਨ੍ਹਾਂ ਦਾ ਸਰਦਾਰ ਪਹਿਲੀ ਸੱਟੇ ਮਾਰਿਆ ਗਿਆ। ਉਹ ਹਾਲ ਦੁਹਾਈ ਪਾਉਂਦੇ ਹੋਏ ਉਥੋਂ ਭੱਜ ਗਏ। ਲੋਕਾਂ ਨੂੰ ਹੁਣ ਕਿਸੇ ਆਦਮਖੋਰ ਦਾ ਭੈਅ ਨਹੀਂ ਸੀ ਰਿਹਾ। ਸਾਰੇ ਨੀਲੇ ਸ਼ਹਿਰ ਦੇ ਨਿਵਾਸੀ ਰਸਾਲੂ ਦੇ ਸ਼ੁਕਰਗੁਜ਼ਾਰ ਸਨ ਤੇ ਉਸ ਦੀ ਬਹਾਦਰੀ ਦੇ ਵਾਰੇ-ਵਾਰੇ ਜਾ ਰਹੇ ਸਨ।

ਸ਼ੂਕਦੇ ਦਰਿਆ ਭਲਾ ਕਦੋਂ ਰੁਕਦੇ ਨੇ, ਕੁਝ ਦਿਨ ਨੀਲੇ ਸ਼ਹਿਰ ਵਿਚ ਠਹਿਰਨ ਮਗਰੋਂ ਰਸਾਲੂ ਨੇ ਰਾਜਾ ਹਰੀ ਚੰਦ ਦੇ ਹੋਡੀਨਗਰ ਵਿਚ ਜਾ ਪ੍ਰਵੇਸ਼ ਕੀਤਾ। ਉਸ ਦੀ ਬਹਾਦਰੀ ਦੇ ਕਿੱਸੇ ਸਾਰੇ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣ ਚੁੱਕੇ ਸਨ। ਰਾਜੇ ਇਹ ਵੀ ਜਾਣਦੇ ਸਨ ਕਿ ਉਹ ਰਾਜਾ ਸਲਵਾਨ ਦਾ ਅਮੋੜ ਪੁੱਤਰ ਹੈ। ਰਸਾਲੂ ਹਰੀ ਚੰਦ ਦੇ ਬਾਗ ਵਿਚ ਸੁੱਤਾ ਪਿਆ ਸੀ। ਐਨੇ ਨੂੰ ਹਰੀ ਚੰਦ ਦੀ ਪੁੱਤਰੀ ਰਾਜ ਕੁਮਾਰੀ ਸੌਂਕਣੀ ਸੈਰ ਕਰਦੀ ਉਥੇ ਆ ਗਈ ਛੈਲ-ਛਬੀਲਾ ਗੱਭਰੂ ਵੇਖ ਉਹ ਆਪਣੀ ਸੁੱਧ-ਬੁੱਧ ਗਵਾ ਬੈਠੀ ਰਸਾਲੂ ਵੀ ਸੁੰਦਰਤਾ ਦੀ ਮੂਰਤ ਸੌਂਕਣੀ ਦੇ ਮੋਹ ਵਿਚ ਕੀਲਿਆ ਗਿਆ ਪਿਆਰ ਭਰੇ ਬੋਲਾਂ ਨਾਲ ਦੋਹਾਂ ਨੇ ਸਾਂਝ ਪਾ ਲਈ ਸੌਂਕਣੀ ਨੇ ਆਪਣੇ ਬਾਪ ਕੋਲ ਗੱਲ ਕੀਤੀ ਹਰੀ ਚੰਦ ਰਸਾਲੂ ਨੂੰ ਆਪਣੇ ਮਹਿਲੀਂ ਲੈ ਆਇਆ। ਸ਼ੌਂਕਣੀ ਦੇ ਵਰ ਦੀ ਭਾਲ ਵਿਚ ਉਹਨੇ ਕਈ ਵਰ੍ਹੇ ਲੰਘਾ ਦਿੱਤੇ ਸਨ ਪ੍ਰੰਤੂ ਉਸ ਦੇ ਮੇਚ ਦਾ ਵਰ ਉਹਨੂੰ ਕਿਧਰੇ ਨਹੀਂ ਸੀ ਟੱਕਰਿਆ। ਰਸਾਲੂ ਨੂੰ ਵੇਖ ਹਰੀ ਚੰਦ ਨੇ ਸੌਂਕਣੀ ਦਾ ਵਿਆਹ ਰਸਾਲੂ ਨਾਲ ਕਰਨ ਦਾ ਫੈਸਲਾ ਕਰ ਲਿਆ।

ਰਸਾਲੂ ਕਾਫੀ ਸਮਾਂ ਹਰੀ ਚੰਦ ਦੇ ਮਹਿਲਾਂ ਵਿਚ ਟਿਕਿਆ ਰਿਹਾ, ਕਦੀ ਸ਼ਿਕਾਰ ਖੇਡਣ ਚਲਿਆ ਜਾਂਦਾ, ਕਦੀ ਦੋਹਮਨ ਨਾਂ ਦੇ ਗੱਭਰੂ ਨਾਲ ਚੌਪਟ ਖੇਡਦਾ ਰਹਿੰਦਾ। ਰਸਾਲੂ ਇਹ ਨਹੀਂ ਸੀ ਜਾਣਦਾ ਕਿ ਸੌਂਕਣੀ ਦੋਹਮਨ ਸੁਨਿਆਰ 'ਤੇ ਫਿਦਾ ਹੈ। ਦੋਹਮਨ ਤੇ ਸੌਂਕਣੀ ਅਕਸਰ ਲੁਕ ਕੇ ਮਿਲਦੇ ਰਹਿੰਦੇ ਸਨ। ਇਕ ਦਿਨ ਰਸਾਲੂ ਮਹਿਲਾਂ ਦੇ ਬਾਹਰ ਦੋਹਮਨ ਨਾਲ ਚੌਪਟ ਖੇਡ ਰਿਹਾ ਸੀ ਉਹ ਨੇ ਵੇਖਿਆ ਦੋਹਮਨ ਚੋਰੀ-ਚੋਰੀ ਅੱਖ ਬਚਾ ਕੇ ਉੱਪਰ ਮਹਿਲਾਂ ਵੱਲ ਵੇਖੀ ਜਾਂਦਾ ਹੈ। ਉਹ ਨੂੰ ਸ਼ੱਕ ਪਿਆ ਉਹ ਨੇ ਮਲਕ ਦੇਣੇ ਜਾ ਕੇ ਪਾਣੀ ਦਾ ਕਟੋਰਾ ਭਰ ਕੇ ਆਪਣੇ ਕੋਲ ਰੱਖ ਲਿਆ ਕੁਝ ਸਮੇਂ ਮਗਰੋਂ ਮਹਿਲ ਦੀ ਖਿੜਕੀ ਵਿਚ ਖੜ੍ਹੋਤੀ ਸੌਂਕਣੀ ਦਾ ਅਕਸ ਕਟੋਰੇ ਦੇ ਪਾਣੀ ਵਿਚ ਪਿਆ ਸ਼ੱਕ ਦੀ ਹੁਣ ਕੋਈ ਗੁੰਜਾਇਸ਼ ਹੀ ਨਹੀਂ ਸੀ ਰਹੀ ਰਸਾਲੂ ਨੇ ਆਪਣੇ ਮਨ ਨਾਲ ਪੱਕਾ ਫੈਸਲਾ ਕਰਕੇ ਸੌਂਕਣੀ ਦਾ ਵਿਆਹ ਦੋਹਮਨ ਨਾਲ ਕਰਵਾ ਦਿੱਤਾ। ਦੋ ਦਿਲਾਂ ਨੂੰ ਜੋੜ ਆਪ ਅਗਾਂਹ ਤੁਰ ਪਿਆ।

ਸਮਾਂ ਬੀਤਦਾ ਗਿਆ ਕਈ ਵਰ੍ਹੇ ਇੰਜ ਹੀ ਬੀਤ ਗਏ। ਰਸਾਲੂ ਨੇ ਸ਼ਿਕਾਰ ਖੇਡਣ ਅਤੇ ਲੜਾਈ ਦੇ ਸ਼ੌਕ ਨੂੰ ਮਘਾਈ ਰੱਖਿਆ ਕਈ ਛੋਟੇ-ਮੋਟੇ ਰਾਜਿਆਂ ਨਾਲ ਮੁਠਭੇੜਾਂ ਹੋਈਆਂ ਕਈ ਰਾਜ ਖੋਹੇ ਤੇ ਛੱਡੇ।

ਅਟਕ ਦੇ ਪਾਰ ਦਰਿਆ ਦੇ ਕੰਢੇ 'ਤੇ ਵਸੇ ਸ਼ਹਿਰ ਸਿਰੀਕੋਟ ਦੇ ਰਾਜਾ ਸਿਰਕੱਪ ਦੀ ਕਨਸੋਅ ਰਾਜਾ ਰਸਾਲੂ ਦੇ ਕੰਨੀਂ ਪਈ। ਸਿਰਕੱਪ ਬੜਾ ਨਿਰਦਈ ਅਤੇ ਧੋਖੇਬਾਜ਼ ਰਾਜਾ ਸੀ ਜੋ ਜੂਆ ਖੇਡਣ ਦਾ ਬਹੁਤ ਸ਼ੌਕੀਨ ਸੀ। ਉਹ ਸ਼ਰਤਾਂ ਲਾ ਕੇ ਜੂਆ ਖੇਡਦਾ ਸੀ ਤੇ ਹਾਰਨ ਵਾਲੇ ਦਾ ਸਿਰ ਵੱਢ ਲੈਂਦਾ ਸੀ। ਇਸੇ ਕਰਕੇ ਉਹਦਾ ਨਾਂ ਸਿਰਕੱਪ ਪਿਆ ਹੋਇਆ ਸੀ। ਰਾਜਾ ਰਸਾਲੂ ਨੇ ਸਿਰਕੱਪ ਨਾਲ ਚੌਪਟ ਖੇਡਣ ਦਾ ਫੈਸਲਾ ਕਰ ਲਿਆ ਅਤੇ ਸਿਰਕੋਟ ਪੁੱਜ ਕੇ ਰਾਜਾ ਸਿਰਕੱਪ ਦੇ ਬਾਗ ਵਿਚ ਜਾ ਉਤਾਰਾ ਕੀਤਾ। ਜਦੋਂ ਰਸਾਲੂ ਬਾਗ ਵਿਚ ਪੁੱਜਾ ਤਾਂ ਸਿਰਕੱਪ ਦੀ ਹੁਸ਼ਨਾਕ ਬੇਟੀ ਆਪਣੀਆਂ ਸੱਠ ਸਹੇਲੀਆਂ ਨਾਲ ਪੀਂਘ ਝੂਟ ਰਹੀ ਸੀ। ਮੁਟਿਆਰ ਨੂੰ ਵੇਖ ਹੁਸਨ ਦੇ ਰਸੀਏ ਰਸਾਲੂ ਦੀਆਂ ਅੱਖੀਆਂ ਚੁੰਧਿਆ ਗਈਆਂ। ਹੁਸਨ ਮਚਲਿਆ ਇਸ਼ਕ ਤੜਪਿਆ ਰਾਜਕੁਮਾਰੀ ਨੇ ਰਸਾਲੂ ਵੱਲ ਵੇਖਿਆ ਤੇ ਬੁਲ੍ਹੀਆਂ 'ਚ ਮੁਸਕਰਾ ਕੇ ਬੋਲੀ, "ਅੜਿਆ। ਇਕ ਪੀਂਘ ਦਾ ਝੂਟਾ ਈ ਦੇ ਛੱਡ, ਦੇਖਾਂ ਕਿੰਨਾ ਕੁ ਜ਼ੋਰ ਐ ਤੇਰੇ ਡੌਲਿਆਂ 'ਚ!"

"ਹੁਸਨ ਦੀਏ ਪਰੀਏ ਤੂੰ 'ਕੱਲ੍ਹੀ ਕੀ ਸਾਰੀਆਂ ਸਹੇਲੀਆਂ ਨੂੰ ਨਾਲ ਲੈ ਕੇ ਪੀਂਘ 'ਤੇ ਚੜ੍ਹ ਜਾ, 'ਕੱਠੀਆਂ ਨੂੰ ਈ ਝੂਟਾ ਦੇ ਦੇਂਦਾ ਹਾਂ।" ਰਸਾਲੂ ਨੇ ਆਪਣੇ ਡੌਲਿਆਂ 'ਤੇ ਮਾਣ ਕਰਦਿਆਂ ਆਖਿਆ।

ਰਾਜਕੁਮਾਰੀ ਆਪਣੀਆਂ ਸੱਠਾਂ ਸਹੇਲੀਆਂ ਸਮੇਤ ਪੀਂਘ 'ਤੇ ਚੜ੍ਹ ਗਈ। ਰਾਜਾ ਰਸਾਲੂ ਨੇ ਪੀਂਘ ਨੂੰ ਅਜਿਹਾ ਜ਼ੋਰਦਾਰ ਝੂਟਾ ਦਿੱਤਾ ਕਿ ਪੀਂਘ ਅਧ ਅਸਮਾਨੇ ਪੁੱਜ ਗਈ। ਮੁੜਦੀ ਹੋਈ ਪੀਂਘ 'ਤੇ ਰਸਾਲੂ ਨੇ ਤਲਵਾਰ ਨਾਲ ਵਾਰ ਕਰਕੇ ਦੋ ਟੋਟੇ ਕਰ ਦਿੱਤੇ ਤੇ ਸਾਰੀਆਂ ਲੋਟ-ਪੋਟ ਹੋਈਆਂ ਧਰਤੀ 'ਤੇ ਡਿੱਗ ਪਈਆਂ ਕਈਆਂ ਦੇ ਸੱਟਾਂ ਵੱਜੀਆਂ। ਰਾਜੇ ਨੂੰ ਇਸ ਘਟਨਾ ਦਾ ਪਤਾ ਲੱਗਾ ਉਹ ਘਬਰਾ ਗਿਆ ਰਾਜਾ ਰਸਾਲੂ ਦੇ ਪੁੱਜਣ ਦੀ ਖ਼ਬਰ ਉਹ ਨੂੰ ਮਿਲ ਗਈ ਸੀ। ਰਸਾਲੂ ਨੇ ਸ਼ਹਿਰ ਦੇ ਦੁਆਰ 'ਤੇ ਪਏ ਸਿਰਕੱਪ ਦੇ ਦਸਾਂ ਦੇ ਦਸ ਧੌਂਸੇ ਪਹਿਲਾਂ ਹੀ ਭੰਨ ਸੁੱਟੇ ਸਨ। ਰਸਾਲੂ ਸਿਰਕੱਪ ਦੇ ਦਰਬਾਰ ਵਿਚ ਪੁੱਜ ਗਿਆ ਤੇ ਉਹਦੇ ਨਾਲ ਚੌਪਟ ਖੇਡਣ ਦੀ ਇੱਛਾ ਪ੍ਰਗਟਾਈ। ਸਿਰਕੱਪ ਨੇ ਸ਼ਰਤ ਰੱਖੀ ਕਿ ਜਿਹੜਾ ਹਾਰੇ ਉਹ ਆਪਣੀ ਸਾਰੀ ਦੌਲਤ, ਰਾਜ ਅਤੇ ਆਪਣਾ ਸਿਰ ਦੇਵੇਗਾ।

ਸਿਰਕੱਪ ਦੀਆਂ ਸ਼ਰਤਾਂ ਅਨੁਸਾਰ ਚੌਪਟ ਦੀ ਬਾਜ਼ੀ ਸ਼ੁਰੂ ਹੋਈ। ਸਿਰਕੱਪ ਚੌਪਟ ਖੇਡਣ ਸਮੇਂ ਆਪਣੇ ਵਿਰੋਧੀ ਦੀ ਬਿਰਤਾ ਉਖੇੜਨ ਲਈ ਕਈ ਛੱਲ ਤੇ ਹਥਕੰਡੇ ਵਰਤਦਾ ਸੀ ਉਹਨੇ ਆਪਣੇ ਸੱਜੇ-ਖੱਬੇ ਆਪਣੀਆਂ ਖ਼ੂਬਸੂਰਤ ਰਾਣੀਆਂ ਅਤੇ ਧੀਆਂ ਬੈਠਾ ਲੈਣੀਆਂ। ਜਦੋਂ ਵਿਰੋਧੀ ਖਿਡਾਰੀ ਰਾਣੀ ਵੱਲ ਧਿਆਨ ਕਰਦਾ ਤਾਂ ਧੀ ਹੋਲੇ ਦੇਣੇ ਗੋਟ ਹਲਾ ਦੇਂਦੀ ਤੇ ਜਦੋਂ ਧੀ ਵੱਲ ਧਿਆਨ ਜਾਂਦਾ ਤਾਂ ਰਾਣੀ ਵੀ ਇੰਜ ਹੀ ਕਰਦੀ ਇਸ ਤਰ੍ਹਾਂ ਖਿਡਾਰੀ ਦਾ ਧਿਆਨ ਉੱਖੜ ਜਾਂਦਾ ਤੇ ਉਹ ਬਾਜ਼ੀ ਹਾਰ ਜਾਂਦਾ। ਰਸਾਲੂ ਦਾ ਧਿਆਨ ਉਖੇੜਨ ਲਈ ਵੀ ਅਜਿਹਾ ਹੀ ਕੀਤਾ ਗਿਆ ਪ੍ਰੰਤੂ ਰਸਾਲੂ ਪੂਰੇ ਧਿਆਨ ਨਾਲ ਚੌਪਟ ਖੇਡਦਾ ਰਿਹਾ ਰਾਣੀਆਂ ਦੇ ਹੁਸਨ ਦਾ ਜਾਦੂ ਉਸ 'ਤੇ ਨਾ ਚੱਲਿਆ ਉਹ ਪਹਿਲੀ ਬਾਜ਼ੀ ਜਿੱਤ ਗਿਆ।

ਦੂਜੀ ਬਾਜ਼ੀ ਸ਼ੁਰੂ ਹੋਈ "ਸਿਰਕੱਪ ਨੇ ਰਾਣੀਆਂ ਦੀ ਥਾਂ ਆਪਣੇ ਆਲੇ-ਦੁਆਲੇ ਕਈ ਨਫਰ ਬਠਾ ਲਏ ਜੋ ਰਾਜਾ ਰਸਾਲੂ ਦਾ ਧਿਆਨ ਉਖੇੜਨ ਲਈ ਉਹਦੇ ਪਾਸੋਂ ਬੁਝਾਰਤਾਂ ਪੁੱਛਣ ਲੱਗੇ ਰਸਾਲੂ ਬੁਝਾਰਤਾਂ ਵੀ ਬੁਝਦਾ ਰਿਹਾ ਤੇ ਨਾਲੋ-ਨਾਲ ਆਪਣੀ ਚਾਲ ਵੀ ਚਲਦਾ ਰਿਹਾ ਉਹ ਦੂਜੀ ਬਾਜ਼ੀ ਵੀ ਜਿੱਤ ਗਿਆ। ਤੀਜੀ ਬਾਜ਼ੀ ਸਿਰ ਦੀ ਬਾਜ਼ੀ ਸੀ ਸਿਰਕੱਪ ਦਾ ਤੀਜਾ ਛੱਲ ਇਹ ਸੀ ਕਿ ਉਹ ਖੇਡਣ ਸਮੇਂ ਸਿਧਾਈਆਂ ਹੋਈਆਂ ਦੋ ਚੂਹੀਆਂ ਕੱਢ ਲੈਂਦਾ ਜੋ ਹੌਲੀ ਦੇਣੇ ਚੌਪਟ ਉਤੋਂ ਲੰਘ ਕੇ ਗੋਟਾਂ ਨੂੰ ਹਲਾ ਦੇਂਦੀਆਂ ਪ੍ਰੰਤੂ ਰਸਾਲੂ ਨੇ ਉਹਦਾ ਇਹ ਛੱਲ ਵੀ ਚੱਲਣ ਨਾ ਦਿੱਤਾ। ਉਹਨੇ ਆਪਣੀ ਜੇਬ੍ਹ ਵਿਚੋਂ ਬਲੂੰਗੜਾ ਕੱਢ ਕੇ ਆਪਣੇ ਕੋਲ ਬਹਾ ਲਿਆ ਜਿਸ ਤੋਂ ਡਰ ਕੇ ਚੂਹੀਆਂ ਚੌਪਟ ਵੱਲ ਆਈਆਂ ਹੀ ਨਾ ਜਿਸ ਕਰਕੇ ਰਸਾਲੂ ਇਹ ਬਾਜ਼ੀ ਵੀ ਜਿੱਤ ਗਿਆ। ਸਿਰਕੱਪ ਸਿਰ ਦੀ ਬਾਜ਼ੀ ਹਾਰ ਗਿਆ। ਐਨ ਉਸ ਸਮੇਂ ਇਕ ਨੌਕਰ ਨੇ ਆ ਕੇ ਰਾਜਾ ਸਿਰਕੱਪ ਨੂੰ ਸੂਚਨਾ ਦਿੱਤੀ ਕਿ ਉਸ ਦੇ ਘਰ ਬੇਟੀ ਨੇ ਜਨਮ ਲਿਆ ਹੈ। ਰਾਜੇ ਨੇ ਤੁਰੰਤ ਹੁਕਮ ਸੁਣਾ ਦਿੱਤਾ, "ਉਸ ਮਨਹੂਸ ਕੁੜੀ ਨੂੰ ਇਸੇ ਵਕਤ ਮਾਰ ਦਿੱਤਾ ਜਾਵੇ ਜਿਸ ਦੇ ਕਾਰਨ ਮੈਂ ਸਿਰ ਦੀ ਬਾਜ਼ੀ ਹਾਰ ਗਿਆ ਹਾਂ।"

"ਰਾਜਨ ਤੈਨੂੰ ਇਹ ਹੁਕਮ ਦੇਣ ਦਾ ਹੁਣ ਕੋਈ ਅਧਿਕਾਰ ਨਹੀਂ", ਰਾਜਾ ਰਸਾਲੂ ਸਿਰਕੱਪ ਨੂੰ ਮੁਖ਼ਾਤਿਬ ਹੋਇਆ, "ਤੂੰ ਅਪਣਾ ਸਿਰ ਤੇ ਰਾਜ ਹਾਰ ਚੁੱਕੈਂ ਤੂੰ ਆਪਣੀ ਧੀ ਨੂੰ ਨਹੀਂ ਮਰਵਾ ਸਕਦਾ, ਉਹ ਹੁਣ ਮੇਰੀ ਹੈ।" ਰਾਜਾ ਸਿਰਕੱਪ ਨਿਮੋਝੂਣਾ ਹੋਇਆ ਰਸਾਲੂ ਦੇ ਸਾਹਮਣੇ ਸਿਰ ਸੁੱਟੀ ਖੜ੍ਹਾ ਸੀ.. ਉਹ ਨੂੰ ਆਪਣੀ ਮੌਤ ਨਜ਼ਰ ਆਉਂਦੀ ਪਈ ਸੀ ਸੈਂਕੜੇ ਮੌਤਾਂ ਦਾ ਵਣਜਾਰਾ ਆਪਣੀ ਮੌਤ ਨੂੰ ਚਿਤਵ ਕੇ ਥਰ-ਥਰ ਕੰਬ ਰਿਹਾ ਸੀ। ਉਹ ਦੀਆਂ ਅੱਖੀਆਂ ਵਿਚ ਤਰਲਾ ਸੀ! ਜਾਨ ਬਖ਼ਸ਼ੀ ਲਈ ਉਹਦੇ ਬੁੱਲ੍ਹ ਕੰਬੇ।

ਦਿਆਵਾਨ ਰਸਾਲੂ ਦੇ ਮਨ ਵਿਚ ਦਿਆ ਗਈ, "ਤੈਨੂੰ ਇਕ ਸ਼ਰਤ 'ਤੇ ਮੁਆਫ ਕਰ ਸਕਦਾ ਹਾਂ। ਤੂੰ ਤੱਤੇ ਤਵੇ 'ਤੇ ਮੱਥੇ ਨਾਲ ਲਕੀਰਾਂ ਕੱਢ ਕੇ ਬਚਨ ਦੇ, ਕਿ ਤੂੰ ਅੱਗੇ ਤੋਂ ਜੂਆ ਨਹੀਂ ਖੇਡੇਂਗਾ ਅਤੇ ਨਾ ਹੀ ਕਿਸੇ 'ਤੇ ਜ਼ੁਲਮ ਕਰੇਂਗਾ।"

ਆਪਣੀ ਜਾਨ ਬਖਸ਼ੀ ਲਈ ਸਿਰਕੱਪ ਸਭ ਕੁਝ ਕਰਨ ਲਈ ਤਿਆਰ ਹੋ ਗਿਆ ਰਸਾਲੂ ਨੇ ਉਸ ਨੂੰ ਮੁਆਫ ਕਰ ਦਿੱਤਾ! ਰਾਜਾ ਸਿਰਕੱਪ ਨੇ ਬੜੇ ਆਦਰ ਨਾਲ ਆਪਣੀ ਨਵਜਨਮੀ ਧੀ ਦਾ ਡੋਲਾ ਤਿਆਰ ਕਰਵਾਇਆ ਤੇ ਇਕ ਥਾਲ ਵਿਚ ਸ਼ਗਨ ਵਜੋਂ ਅੰਬ ਦੀ ਟਾਹਣੀ ਰੱਖ ਕੇ ਰਾਜਾ ਰਸਾਲੂ ਨੂੰ ਭੇਟ ਕਰ ਦਿੱਤੀ। ਰਸਾਲੂ ਨੇ ਉਸ ਮਲੂਕੜੀ ਦਾ ਨਾਂ ਕੋਕਲਾਂ ਰੱਖਿਆ। ਕੁਝ ਦਿਨ ਰਾਜਾ ਸਿਰਕੱਪ ਦੀ ਪ੍ਰਾਹੁਣਚਾਰੀ ਮਾਣਨ ਪਿੱਛੋਂ ਰਾਜਾ ਰਸਾਲੂ ਅਗਾਂਹ ਜਾਣ ਦੀ ਤਿਆਰੀ ਕਰਨ ਲੱਗਾ।

ਸਿਰੀਕੋਟ ਤੋਂ ਵਿਦਾ ਹੋ ਕੇ ਰਸਾਲੂ ਨੇ ਖੇੜੀ ਮੂਰਤੀ ਦੀਆਂ ਪਹਾੜੀਆਂ ਵਿਚ ਆਣ ਡੇਰੇ ਲਾਏ। ਉਥੇ ਉਹਨੇ ਇਕ ਮਹਿਲ ਬਣਵਾਇਆ ਤੇ ਮਹਿਲ ਦੇ ਬਾਹਰ ਇਕ ਅੰਬ ਦਾ ਬੂਟਾ ਲਾ ਕੇ ਆਖਿਆ, "ਜਦੋਂ ਇਸ ਬੂਟੇ ਨੂੰ ਬੂਰ ਪਵੇਗਾ ਉਦੋਂ ਕੋਕਲਾਂ ਭਰ ਜੋਵਨ ਮੁਟਿਆਰ ਬਣ ਜਾਵੇਗੀ। ਫੇਰ ਮੈਂ ਉਸ ਨਾਲ ਸ਼ਾਦੀ ਰਚਾ ਕੇ ਉਸ ਨੂੰ ਆਪਣੀ ਰਾਣੀ ਬਣਾ ਲਵਾਂਗਾ।" ਕੋਕਲਾਂ ਨੂੰ ਇਸ ਪਹਾੜੀ ਮਹਿਲ ਵਿਚ ਰੱਖਿਆ ਗਿਆ। ਉਹ ਮਹਿਲ ਮਗਰੋਂ "ਰਾਣੀ ਕੋਕਲਾਂ ਦੇ ਧੌਲਰ" ਦੇ ਨਾਂ ਨਾਲ ਪ੍ਰਸਿੱਧ ਹੋਇਆ। ਕੱਲਮ ਕੱਲੀ ਉਹ ਜਵਾਨ ਹੋਣ ਲੱਗੀ ਉਹਦੇ ਦਿਲ ਪ੍ਰਚਾਵੇ ਲਈ ਤੋਤਾ ਤੇ ਮੈਨਾ ਸਨ ਜਿਨ੍ਹਾਂ ਨਾਲ ਉਹ ਆਪਣੇ ਦਿਲ ਦੀਆਂ ਗੱਲਾਂ ਕਰਦੀ ਰਹਿੰਦੀ। ਕੇਹੀ ਜ਼ਿੰਦਗੀ ਸੀ ਉਹਦੀ ਕੱਲਮ-ਕੱਲੀ। ਉਹ ਮਹਿਲ ਦੇ ਕਿੰਗਰਿਆਂ 'ਤੇ ਖੜ੍ਹ ਕੇ ਪਹਾੜੀ ਨਜ਼ਾਰਿਆਂ ਦਾ ਆਨੰਦ ਮਾਣਦੀ ਹੋਈ ਰਸਾਲੂ ਨੂੰ ਉਡੀਕਦੀ ਰਹਿੰਦੀ..। ਰਸਾਲੂ ਨਿੱਤ ਨਵੀਆਂ ਮੁਹਿੰਮਾਂ 'ਤੇ ਚੜ੍ਹਿਆ ਰਹਿੰਦਾ.. ਉਹ ਨੂੰ ਸ਼ਿਕਾਰ ਖੇਡਣ ਦਾ ਅਵੱਲੜਾ ਰੋਗ ਸੀ ਜੰਗਲ 'ਚ ਘੁੰਮਦਿਆਂ ਉਹ ਕੋਕਲਾਂ ਨੂੰ ਬਿਲਕੁਲ ਹੀ ਭੁੱਲ ਜਾਂਦਾ।

ਸਮਾਂ ਬੀਤਦਾ ਗਿਆ ਅੰਬ ਦੇ ਬੂਟੇ ਨੂੰ ਪਹਿਲਾ ਬੂਰ ਪਿਆ ਇਹ ਕੋਕਲਾਂ ਦੇ ਭਰ ਜੋਵਨ ਮੁਟਿਆਰ ਹੋ ਜਾਣ ਦਾ ਸੰਕੇਤ ਸੀ ਮਹਿਲੋਂ ਬਾਹਰ ਅੰਬੀਆਂ ਦੀ ਸੁਗੰਧ ਫੈਲੀ ਹੋਈ ਸੀ ਤੇ ਮਹਿਲਾਂ ਦੇ ਅੰਦਰ ਕੋਕਲਾਂ ਦਾ ਭਖ-ਭਖ ਕਰਦਾ ਜੋਬਨ ਲੱਪਟਾਂ ਛੱਡ ਰਿਹਾ ਸੀ। ਕੋਕਲਾਂ ਦੇ ਧੌਲਰ ਐਨੇ ਸੁਰੱਖਿਅਤ ਸਨ ਕਿ :ਉਥੇ ਚਿੜੀ ਤਕ ਨਹੀਂ ਸੀ ਫੜਕ ਸਕਦੀ। ਕੋਕਲਾਂ ਦਾ ਜੋਬਨ ਅੰਗੜਾਈਆਂ ਭੰਨ ਰਿਹਾ ਸੀ ਉਹ ਦੇ ਅੰਗ ਮਚਲ ਮਚਲ ਜਾਂਦੇ ਸਨ ਇਕ ਰਸਾਲੂ ਸੀ ਜਿਸ ਨੂੰ ਆਪਣੇ ਹੋਰਨਾਂ ਸ਼ੌਕਾਂ ਤੋਂ ਹੀ ਵਿਹਲ ਨਹੀਂ ਸੀ ਮਿਲਦੀ ਕੋਕਲਾਂ ਕਿਸੇ ਨਾਲ ਦੋ ਮਿੱਠੇ ਬੋਲ ਵੀ ਸਾਂਝੇ ਕਰਨ ਲਈ ਤਰਸ ਰਹੀ ਸੀ। ਉਹ ਆਏ ਦਿਨ ਸ਼ਿੰਗਾਰ ਕਰਦੀ ਤੇ ਧੌਲਰ ਦੀ ਬਾਰੀ ਵਿਚ ਬੈਠ ਕੇ ਰਸਾਲੂ ਨੂੰ ਉਡੀਕਦੀ।

ਇਕ ਦਿਨ ਕੀ ਹੋਇਆ ਰਾਜਾ ਰਸਾਲੂ ਆਪਣੀ ਮੁਹਿੰਮੇਂ ਚੜ੍ਹਿਆ ਹੋਇਆ ਸੀ ਕਿ ਅਚਨਚੇਤ ਸਿੰਧ ਦੇ ਰਾਜੇ ਅਟਕੀ ਮੱਲ ਦਾ ਜਵਾਨ ਬੇਟਾ ਰਾਜਾ ਹੋਡੀ ਸ਼ਿਕਾਰ ਖੇਡਦਾ-ਖੇਡਦਾ ਰਾਣੀ ਕੋਕਲਾਂ ਦੇ ਧੌਲਰ ਕੋਲ ਆ ਗਿਆ ਰਾਣੀ ਕੋਕਲਾਂ ਨੇ ਵੇਖਿਆ ਇਕ ਨੌਜਵਾਨ ਹੇਠਾਂ ਖੜੋਤਾ ਆਲੇ-ਦੁਆਲੇ ਵੇਖ ਰਿਹਾ ਹੈ ਉਹ ਨੇ ਉਪਰੋਂ ਖੰਘੂਰਾ ਮਾਰ ਕੇ ਗੱਭਰੂ ਦਾ ਧਿਆਨ ਆਪਣੇ ਵੱਲ ਖਿੱਚਿਆ ਗੱਭਰੂ ਨੇ ਨਿਗਾਹ ਉਤਾਂਹ ਘੁਮਾਈ ਬਾਰੀ ਵਿਚ ਖੜ੍ਹਤਾ ਚੰਦ ਦਾ ਟੁਕੜਾ ਉਹਨੂੰ ਵਖਾਈ ਦਿੱਤਾ ਦੋਹਾਂ ਦੇ ਨੈਣ ਮਿਲੇ ਕੋਕਲਾਂ ਤਾਂ ਪਹਿਲਾਂ ਹੀ ਤੜਪਦੀ ਪਈ ਸੀ ਹੈਡੀ ਉਹ ਦੇ ਹੁਸਨ ਦੀ ਤਾਬ ਨਾ ਝੱਲ ਸਕਿਆ ਉਪਰ ਆਉਣ ਦਾ ਇਸ਼ਾਰਾ ਹੋਇਆ ਮਹਿਲ ਦੇ ਦੁਆਰ 'ਤੇ ਬੜਾ ਭਾਰੀ ਪੱਥਰ ਪਿਆ ਸੀ ਜਿਸ ਨੂੰ ਸਰਕਾ ਕੇ ਮਹਿਲ ਅੰਦਰ ਜਾਇਆ ਜਾ ਸਕਦਾ ਸੀ ਹੋਡੀ ਤੋਂ ਪੱਥਰ ਪਰੇ ਨਾ ਹਟਾ ਹੋਇਆ ਧੌਲਰ ਉਪਰ ਜਾਣ ਦਾ ਹੋਰ ਕੋਈ ਰਸਤਾ ਨਹੀਂ ਸੀ। ਆਖਰ ਕੋਕਲਾਂ ਨੇ ਉਪਰੋਂ ਕੁਮੰਦ ਸੁੱਟ ਕੇ ਉਸ ਨੂੰ ਆਪਣੇ ਕੋਲ ਸੱਦ ਲਿਆ ਹੁਸਨ ਤੇ ਇਸ਼ਕ ਦੇ ਮਿਲਾਪ ਨੇ ਦੋ ਰੂਹਾਂ ਨੂੰ ਸਰਸ਼ਾਰ ਕਰ ਦਿੱਤਾ ਦੋਨੋਂ ਮਦਹੋਸ਼ੀ ਦੇ ਆਲਮ ਵਿਚ ਪੁੱਜ ਗਏ ਕੋਕਲਾਂ ਦੀ ਤੜਪਨਾ ਸ਼ਾਂਤ ਹੋ ਗਈ ਸੀ ਤੇ ਉਹ ਰਾਜਾ ਹੋਡੀ ਦੇ ਅੰਗ-ਅੰਗ ਨੂੰ ਨਿਹਾਰ ਰਹੀ ਸੀ। ਤੁਰਨ ਲੱਗਿਆਂ ਹੋਡੀ ਨੇ ਮੁੜ ਆਉਣ ਦਾ ਇਕਰਾਰ ਕੀਤਾ ਤੇ ਕੁਮੰਦ ਰਾਹੀਂ ਮਹਿਲ ਤੋਂ ਥੱਲੇ ਉਤਰ ਗਿਆ ਤ੍ਰਿਪਤੀ ਦੇ ਅਹਿਸਾਸ ਵਿਚ ਖੀਵੀ ਹੋਈ ਕੋਕਲਾਂ ਬਾਰੀ ਵਿਚ ਖੜੋ ਕੇ ਜਾਂਦੇ ਹੋਡੀ ਨੂੰ ਉਦੋਂ ਤਕ ਵੇਖਦੀ ਰਹੀ ਜਦੋਂ ਤਕ ਉਹ ਉਹ ਦੀਆਂ ਨਜ਼ਰਾਂ ਤੋਂ ਉਹਲੇ ਨਾ ਹੋ ਗਿਆ।

ਰਾਜਾ ਹੋਡੀ ਨੇ ਕੋਕਲਾਂ ਦੀ ਯਾਦ ਵਿਚ ਤੜਪਦਿਆਂ ਮਸੀਂ ਰਾਤ ਲੰਘਾਈ ਤੇ ਅਗਲੀ ਭਲਕ ਉਸ ਦੇ ਧੌਲਰ ਨੂੰ ਆ ਸਜਦਾ ਕੀਤਾ। ਇਸ ਤਰ੍ਹਾਂ ਇਹ ਹੁਸਨ-ਇਸ਼ਕ ਦਾ ਸਿਲਸਿਲਾ ਕਈ ਦਿਨ ਚੱਲਦਾ ਰਿਹਾ। ਕੋਕਲਾਂ ਉਪਰੋਂ ਕੁਮੰਦ ਸੁੱਟਦੀ ਤੇ ਹੋਡੀ ਉਪਰ ਚਲਿਆ ਜਾਂਦਾ। ਇਕ ਦਿਨ ਕਿਧਰੇ ਰਸਾਲੂ ਅਚਨਚੇਤ ਸਾਝਰੇ ਵਾਪਸ ਆ ਗਿਆ ਉਹ ਨੇ ਵੇਖਿਆ ਕੋਈ ਗੱਭਰੂ ਉਹਦੇ ਮਹਿਲਾਂ ਤੋਂ ਕੁਮੰਦ ਰਾਹੀਂ ਹੇਠਾਂ ਉਤਰ ਰਿਹਾ ਹੈ ਇਹ ਕੌਣ ਸੀ ਜੀਹਨੇ ਉਹ ਦੇ ਮਹਿਲਾਂ ਨੂੰ ਸੰਨ੍ਹ ਲਾ ਲਈ ਸੀ ਹੋਡੀ ਹੇਠਾਂ ਉਤਰਿਆ ਦੋਹਾਂ ਨੇ ਇਕ-ਦੂਜੇ ਨੂੰ ਲਲਕਾਰਿਆ ਤੇ ਤਲਵਾਰਾਂ ਮਿਆਨਾਂ ਵਿਚੋਂ ਬਾਹਰ ਧਰੂਹ ਲਈਆਂ ਦੋਹਾਂ ਨੇ ਬੜੀ ਫੁਰਤੀ ਨਾਲ ਇਕ-ਦੂਜੇ 'ਤੇ ਵਾਰ ਕੀਤੇ ਰਾਜਾ ਰਸਾਲੂ ਦਾ ਵਾਰ ਹੀ ਅਜਿਹਾ ਸੀ ਕਿ ਹੋਡੀ ਉਹ ਦਾ ਵਾਰ ਨਾ ਝਲ ਸਕਿਆ.. ਹੋਡੀ ਦਾ ਸਿਰ ਉਹਦੇ ਧੜ ਨਾਲੋਂ ਵੱਖਰਾ ਹੋ ਗਿਆ ਕੋਕਲਾਂ ਮਹਿਲਾਂ ਉਪਰ ਖੜੋਤੀ ਕੋਕਲਾਂ ਹੇਠਾਂ ਦਾ ਦ੍ਰਿਸ਼ ਵੇਖਦੀ ਪਈ ਸੀ ਰਾਜਾ ਹੋਡੀ ਦੀ ਤੜਪਦੀ ਦੇਹ ਨੂੰ ਵੇਖਦਿਆਂ ਸਾਰ ਹੀ ਉਹ ਨੇ ਮਹਿਲ ਦੀ ਖਿੜਕੀ ਤੋਂ ਹੇਠਾਂ ਛਾਲ ਮਾਰ ਦਿੱਤੀ ਤੇ ਡਿੱਗਦਿਆਂ ਹੀ ਉਸ ਦਾ ਸਿਰ ਖਖੜੀ ਖਖੜੀ ਹੋ ਗਿਆ ਤੇ ਉਹ ਦੇ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ।

ਰਾਣੀ ਕੋਕਲਾਂ ਦੇ ਧੌਲਰਾਂ ਵਿਚ ਸਨਾਟਾ ਛਾ ਗਿਆ। ਉਹ ਦੀ ਮੈਨਾ ਤੇ ਪਿਆਰੇ ਤੋਤੇ ਨੇ ਖੰਭ ਫੜਫਾਏ ਤੇ ਅਸਮਾਨ ਵਿਚ ਉਡਾਰੀ ਮਾਰ ਗਏ। ਰਾਜਾ ਰਸਾਲੂ ਆਪਣੀ ਰਾਣੀ ਕੋਕਲਾਂ ਦੀ ਬੇ-ਵਫਾਈ 'ਤੇ ਹੰਝੂ ਕੇਰਦਾ ਹੋਇਆ ਆਪਣੇ ਘੋੜੇ ਕੋਲ ਆਇਆ.. ਦੋਹਾਂ ਲਾਸ਼ਾਂ ਨੂੰ ਰੱਸੇ ਨਾਲ ਬੰਨ੍ਹ ਕੇ ਘੋੜੇ ਦੀ ਪਿੱਠ 'ਤੇ ਦੋਹੀਂ ਪਾਸੀ ਲਟਕਾ ਕੇ ਉਸ ਨੂੰ ਜੰਗਲ ਵੱਲ ਰਵਾਨਾ ਕਰ ਦਿੱਤਾ ਤੇ ਆਪ ਆਪਣੇ ਸ਼ਹਿਰ ਸਿਆਲ ਕੋਟ ਵੱਲ ਨੂੰ ਚਾਲੇ ਪਾ ਦਿੱਤੇ। ਕਹਿੰਦੇ ਹਨ ਮਗਰੋਂ ਹੋਡੀ ਦੇ ਭਰਾਵਾਂ ਨੇ ਰਸਾਲੂ ਨੂੰ ਸਿਆਲਕੋਟ ਆ ਘੇਰਿਆ ਤੇ ਉਹ ਉਨ੍ਹਾਂ ਨਾਲ ਲੜਦਾ ਹੋਇਆ ਆਪਣੀ ਜਾਨ 'ਤੇ ਖੇਡ ਗਿਆ ਸਦੀਆਂ ਬੀਤਣ ਮਗਰੋਂ ਵੀ ਪੰਜਾਬ ਦੇ ਲੋਕ ਕਵੀ ਆਪਣੇ ਸੂਰਮੇ ਪੰਜਾਬੀ ਰਾਜੇ ਰਸਾਲੂ ਦੀਆਂ ਵਾਰਾਂ ਗਾ ਕੇ ਉਸ ਨੂੰ ਯਾਦ ਕਰਦੇ ਹਨ।

# ਖ਼ਾਲਸਾ ਰਾਜ ਦੀ ਸਤਿਕਾਰਤ ਹਸਤੀ ਸਰਦਾਰਨੀ ਸਦਾ ਕੌਰ ਦਾ ਅਣਗੌਲਿਆਂ ਪੇਕਾ ਪਿੰਡ ਰਾਊਕੇ ਕਲਾਂ



ਡਾ. ਅਮਨਦੀਪ ਕੌਰ
ਫੋਨ ਨੰਬਰ 9592917259

ਸਿੱਖ ਇਤਿਹਾਸ ਦੇ ਨਾਲ ਸੰਬੰਧਿਤ ਬਹੁਤ ਹੀ ਅਹਿਮ ਦਸਤਾਵੇਜ਼ ਜੋ ਸਾਡੇ ਕੋਲੋਂ ਸਦਾ ਲਈ ਵਿਛੜ ਗਏ ਜਾਂ ਜਾਣ ਬੁੱਝ ਕੇ ਗਾਇਬ ਕਰ ਦਿੱਤੇ ਗਏ। ਇਸੇ ਤਰ੍ਹਾਂ ਬਹੁਤ ਸਾਰੇ ਉਹ ਅਸਥਾਨ ਜੋ ਅਣਗੌਲੇ ਹਨ ਉਨ੍ਹਾਂ ਤੇ ਵੀ ਕਿਸੇ ਦਾ ਧਿਆਨ ਨਹੀਂ ਹੈ । ਖ਼ਾਲਸਾ ਰਾਜ਼ ਨਾਲ ਸੰਬੰਧਿਤ ਜ਼ਿਆਦਾਤਰ ਸਥਾਂਨ ਲਹਿੰਦੇ ਪੰਜਾਬ (ਪਾਕਿਸਤਾਨ) ਵਿੱਚ ਹਨ, ਪ੍ਰੰਤੂ ਚੜਦੇ ਪੰਜਾਬ ਵਿੱਚ ਵੀ ਬਹੁਤ ਸਾਰੇ ਅਜਿਹੇ ਸਥਾਨ ਹਨ, ਜਿਨ੍ਹਾਂ ਦਾ ਸੰਬੰਧ ਖ਼ਾਲਸਾ ਰਾਜ ਜਾਂ ਮਹਾਰਾਜਾ ਰਣਜੀਤ ਸਿੰਘ ਨਾਲ ਹੈ । ਅੱਜ ਅਸੀਂ ਇਨ੍ਹਾਂ ਵਿੱਚੋਂ ਸਰਦਾਰਨੀ ਸਦਾ ਕੌਰ ਦੇ ਪੇਕਾ ਪਿੰਡ ਰਾਊਕੇ ਕਲਾਂ ਬਾਰੇ ਗੱਲ ਕਰਾਂਗੇ। ਸਰਦਾਰਨੀ ਸਦਾ ਕੌਰ ਜਿਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਹੋਣ ਦਾ ਮਾਣ ਹਾਸ਼ਿਲ ਹੈ । ਖ਼ਾਲਸਾ ਰਾਜ਼ ਦੇ ਅਣਮੁੱਲੇ ਹੀਰਿਆਂ ਵਿੱਚੋਂ ਇੱਕ ਸਨ ਸਰਦਾਰਨੀ ਸਦਾ ਕੌਰ ਬਹੁਤ ਹੀ ਬਹਾਦਰ, ਨਿੱਧੜਕ ਤੇ ਹਿੰਮਤ ਵਾਲੀ ਔਰਤ ਸਨ। ਜਿਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੁਢਲੀਆਂ ਜਿੱਤਾਂ ਖ਼ਾਸ ਕਰਕੇ ਲਾਹੌਰ ਨੂੰ ਜਿੱਤਣ ਉਪਰੰਤ ਮਹਾਂਰਾਜ ਨੂੰ ਲਾਹੌਰ ਵਿੱਚ ਸਥਿਤ ਕਿਲੇ ਦੇ ਤਖਤ ਤੇ ਬਿਠਾਉਣ ਵਿੱਚ ਅਹਿਮ ਰੋਲ ਅਦਾ ਕੀਤਾ।

ਸਰਦਾਰਨੀ ਸਦਾ ਕੌਰ ਦਾ ਜਨਮ 1762 ਈਸਵੀ ਨੂੰ ਸਰਦਾਰ ਦਸੌਂਧਾ ਸਿੰਘ ਦੇ ਘਰ ਪਿੰਡ ਰਾਊਕੇ ਕਲਾਂ ਵਿੱਚ ਹੋਇਆ। ਇਹ ਰਾਊਕੇ ਕਲਾਂ ਪਹਿਲਾਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸੀ ਤੇ ਅੱਜ ਕੱਲ ਜਿਲ੍ਹਾ ਮੋਂਗਾ ਵਿੱਚ ਸਥਿਤ ਹੈ। ਜਵਾਨ ਹੋਣ ਤੇ ਸਦਾ ਕੌਰ ਦਾ ਵਿਆਹ ਗੁਰਬਖਸ਼ ਸਿੰਘ ਕਨ੍ਹਈਆ ਜੋ ਜੈ ਸਿੰਘ ਕਨ੍ਹਈਆ ਦੇ ਸਪੁੱਤਰ ਸਨ, ਨਾਲ ਕਰ ਦਿੱਤਾ ਗਿਆ। ਸਦਾ ਕੌਰ ਦੇ ਘਰ ਇੱਕ ਸਪੁੱਤਰੀ ਨੇ ਜਨਮ ਲਿਆ ,ਜਿਸਦਾ ਨਾਮ ਮਹਿਤਾਬ ਕੌਰ ਰੱਖਿਆ ? ਗਿਆ।ਮਹਿਤਾਬ ਕੌਰ ਜੀ ਮਹਾਂਰਾਜਾ ਰਣਜੀਤ ਸਿੰਘ ਦੀ ਪਹਿਲੀ ਪਤਨੀ ਸੀ। ਗੁਰਬਖਸ਼ ਸਿੰਘ ਰਾਮਗੜ੍ਹੀਆ ਤੇ ਸ਼ੁੱਕਰ ਚੱਕਿਆ ਮਿਸਲ ਨਾਲ ਲੜਦਿਆਂ ਹੋਇਆਂ ਇੱਕ ਲੜਾਈ ਵਿੱਚ ਸ਼ਹੀਦ ਹੋ ਗਏ । ਉਹਨਾਂ ਦੀ ਮੌਤ ਤੋਂ ਬਾਅਦ ਕਨ੍ਹਈਆ ਮਿਸਲ ਦੀ ਵਾਂਗਡੋਰ ਸਰਦਾਰਨੀ ਸਦਾ ਕੌਰ ਦੇ ਹੱਥ ਆ ਗਈ। ਉਹਨਾਂ ਨੇ ਬੜੀ ਕੁਸ਼ਲਤਾਪੂਰਵਕ ਆਪਣੇ ਮਿਸਲ ਤੇ ਸ਼ੁੱਕਰ ਚੁੱਕਿਆ ਮਿਸਲ ਦੀ ਸਾਂਭ ਸੰਭਾਲ ਕੀਤੀ।ਇਸ ਬਹਾਦਰ ਤੇ ਅਣਖੀ ਸਰਦਾਰਨੀ ਸਦਾ ਕੌਰ ਦੇ ਪੇਕਾ ਪਿੰਡ ਨੂੰ ਇਤਿਹਾਸ ਵਿੱਚ ਅਜੇ ਤੱਕ ਉਸ ਥਾਂ ਤੇ ਮਾਣ ਸਨਮਾਨ ਨਹੀਂ ਮਿਲ ਸਕਿਆ ਜੋ ਮਿਲਣਾ ਚਾਹੀਦਾ ਸੀ।ਇਹ ਪਿੰਡ ਮੋਗਾ ਬਰਨਾਲਾ ਰੋਡ ਤੇ ਪੈਂਦੇ ਪਿੰਡ ਬਧਨੀ ਕਲਾਂ ਦੇ ਛਿਪਦੇ ਪਾਸੇ ਸਾਢੇ ਤਿੰਨ ਕਿਲੋਮੀਟਰ ਦੀ ਵਿੱਥ ਤੇ ਹੈ। ਇਸ ਦੇ ਦੂਜੇ ਪਾਸੇ ਮਾਣੂੰਕੇ ਪਿੰਡ ਲੱਗਦਾ ਹੈ। ਸਰਦਾਰਨੀ ਸਦਾ ਕੌਰ ਦੇ ਪੇਕਾ ਘਰ ਦੀ ਅੱਠਵੀਂ ਤੇ ਨੌਵੀਂ ਪੀੜੀ ਇਸ ਪਿੰਡ ਵਿੱਚ ਰਹਿ ਰਹੀ ਹੈ। ਸਰਦਾਰਨੀ ਦੀ ਯਾਦ ਵਿੱਚ ਪਿੰਡ ਦੀ ਫਿਰਨੀ ਵਾਲੇ ਪਾਸੇ ਇੱਕ ਗੇਟ ਬਣਾਇਆ ਹੋਇਆ ਹੈ। ਉਹਨਾਂ ਦੇ ਪੇਕਾ ਘਰ ਦੀ ਨੌਵੀਂ ਪੀੜੀ ਦੇ ਸਰਦਾਰ ਅਜੇਪਾਲ ਸਿੰਘ ਨੇ ਉਹਨਾਂ ਦੀ ਯਾਦ ਵਿੱਚ ਇੱਕ ਕਿਲ੍ਹਾ ਪਿੰਡ ਦੇ ਵਿਚਕਾਰ ਬਣਵਾਇਆ ਹੈ। ਕਿਲੇ ਦੇ ਬਾਹਰ ਗੇਟ ਵਾਲੀ ਕੰਧ ਦੇ ਨਾਲ ਇੱਕ ਬੰਸਾਵਲੀ ਵੀ ਤਿਆਰ ਕੀਤੀ ਗਈ ਹੈ। ਜਿਸ ਵਿੱਚ ਸਰਦਾਰ ਦਸੌਂਧਾ ਸਿੰਘ ਤੋਂ ਲੈ ਕੇ ਹੁਣ ਤੱਕ ਦੇ ਸਾਰੇ ਪਰਿਵਾਰਿਕ ਮੈਂਬਰਾਂ ਦੇ ਨਾਂ ਹਨ।ਇਹ ਪਰਿਵਾਰ ਦੁਆਰਾ ਚੁੱਕਿਆ ਗਿਆ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਪਿੰਡ ਵਿੱਚ ਉਹਨਾਂ ਦੀ ਯਾਦ ਵਿੱਚ ਕੋਈ ਸਟੇਡੀਅਮ ,ਸਕੂਲ ਕਾਲਜ ਜਾਂ ਹੋਰ ਕੋਈ ਸੰਸਥਾ ਹੋਣੀ ਚਾਹੀਦੀ ਹੈ, ਨਾਲ ਹੀ ਉਹਨਾਂ ਦਾ ਇੱਕ ਬੁੱਤ ਵੀ ਪਿੰਡ ਦੇ ਸ਼ੁਰੂ ਵਿੱਚ ਲੱਗਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀ ਪੀੜੀ ਨੂੰ ਆਪਣੇ ਪਿੰਡ ਦੀ ਇਸ ਮਹਾਨ ਧੀ ਬਾਰੇ ਜਾਣਕਾਰੀ ਮਿਲ ਸਕੇ । ਇੱਕ ਗੱਲ ਬਹੁਤ ਵਧੀਆ ਲੱਗੀ ਜਦ ਅਸੀਂ ਪਿੰਡ ਵਿੱਚ ਦਾਖਲ ਹੋਏ ਤੇ ਇਹ ਪੁੱਛਿਆ ਕਿ ਕੀ ਇਹ ਸਰਦਾਰਨੀ ਸਦਾ ਕੌਰ ਦਾ ਪੇਕਾ ਪਿੰਡ ਹੈ ?ਤਾਂ ਹਰ ਮਿਲਣ ਵਾਲਾ ਬਹੁਤ ਹੀ ਮਾਣ ਤੇ ਚਿਹਰੇ ਤੇ ਖੁਸ਼ੀ ਨਾਲ ਕਹਿ ਰਿਹਾ ਸੀ ਕਿ ਹਾਂ ਇਹ ਰਾਣੀ ਸਦਾ ਕੌਰ ਦਾ ਪੇਕਾ ਪਿੰਡ ਹੈ। ਲੋੜ ਹੈ ਅਜਿਹੇ ਇਤਿਹਾਸਿਕ ਪਿੰਡਾਂ ਵੱਲ ਉਪਕਾਰੀ ਨਜ਼ਰ ਨਾਲ ਵੇਖਣ ਦੀ। ਸਰਕਾਰਾਂ ਜਥੇਬੰਦੀਆਂ, ਇਤਿਹਾਸਿਕ ਚਿੰਤਕਾਂ ਦਾ ਫਰਜ਼ ਬਣਦਾ ਹੈ ਕਿ ਅਜਿਹੇ ਪਿੰਡਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਦਿਵਾਉਣ ਦੀ ਚਾਰਾਜੋਈ ਕੀਤੀ ਜਾਵੇ।



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220













BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


TIMMY SHARMA
AUTO MAKERS, WARIS PRODUCTIONS, TIMMY SHARMA, AUTO WORLD SALE, PARWAAZ ENTERTAINMENT & AR ENTERTAINMENT PRESENTS
WARIS PRODUCTIONS
ਬੰਦੇ ਬਣੋ ਬੰਦੇ
BANDE BANO BANDE
CO-ACTOR RAJVIR BOPARAI
WRITTEN & DIRECTED RANA RANBIR
MC JASWANT SHARMA
DOOR OPEN 05:00PM
SHOW START 06:00PM
29th MARCH 2026, SUNDAY
TICKET AVAILABLE ONLINE AT WERKLUNDCENTRE.CA
VENUE JACK SINGER CONCERT HALL
CONTACT
TALWINDER PARMAR - 403-805-0102 SUKH TIWANA - 403-430-0030
TIMMY SHARMA - 403-992-8192


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8


• Personal Tax Returns
• Corporate Tax Returns
• Bookkeeping
• GST/HST Filing
• Payroll
• WCB Returns
• Tax Planning
• New Business Consultation & Registration
SA SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
•ਮਾਪਿਆਂ ਲਈ ਸੁਪਰ ਵੀਜ਼ਾ •ਪਰਿਵਾਰਕ ਸਪਾਂਸਰਸ਼ਿਪ
•ਐਲ ਐਮ ਓ ਐਪਲੀਕੇਸ਼ਨ •ਵਰਕ ਪਰਮਿਟ
•ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


NE
NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਭਗਤ ਸਿੰਘ ਦਾ ਜੀਵਨ ਅਤੇ ਵਿਚਾਰ ਸਾਡੇ ਲਈ ਚਾਨਣ-ਮੁਨਾਰਾ ਹਨ- ਸੁਰਿੰਦਰਜੀਤ ਪਲਾਹਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ)ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ 23 ਮਾਰਚ ਨੂੰ ਵੀਵੋ ਵਿਖੇ ਹੋਈ ਮੀਟਿੰਗ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਰਹੀ। ਗੁਰਮਿੰਦਰ ਕੌਰ ਨੇ ਸ਼ਬਦ ਗਾਇਨ ਕੀਤਾ - ਤਾਤੀ ਵਾਉ ਨਾ ਲਗਈ ਪਾਰਬ੍ਰਹਮ ਸਰਣਾਈ। ਮਾਰਚ ਮਹੀਨੇ ਵਿਚ ਪੈਂਦੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਪਰੋਸੀਆਂ ਗਈਆਂ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਨੂੰ ਅਦੁਤੀ ਦੱਸਿਆ। ਉਨ੍ਹਾਂ ਨੇ ਭਗਤ ਸਿੰਘ ਦੇ ਸੰਕਲਪ ਨੂੰ ਵਿਸ਼ਵ ਦੀਆਂ ਇਨਕਲਾਬੀ ਲਹਿਰਾਂ ਨਾਲ਼ ਜੋੜਿਆ ਅਤੇ ਕਿਹਾ ਕਿ ਉਸ ਦੇ ਵਿਚਾਰ ਅਤੇ ਪਾਏ ਪੂਰਨੇ ਲੋਕ-ਹਿਤੂ ਢਾਂਚਾ ਸਿਰਜਣ ਲਈ ਪ੍ਰੇਰਣਾਦਾਇਕ ਰਹਿਣਗੇ। ਉਨ੍ਹਾਂ ਨੇ ਇਧਰ ਕੁਝ ਲਾਲਚੀ ਕਾਰੋਬਾਰੀਆਂ ਦੁਆਰਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਤੇ ਸਹੂਲਤਾਂ ਦੀ ਨਾਜਾਇਜ਼ ਵਰਤੋਂ ਕਰਨ ਦਾ ਝਾਂਸਾ ਦੇਣ ਬਾਰੇ ਖ਼ਬਰਦਾਰ ਕੀਤਾ। ਰਾਜਿੰਦਰ ਸਿੰਘ ਗਿੱਲ, ਅਲਬਰਟਾ ਪ੍ਰੀਮੀਅਰ ਦੇ ਸਲਾਹਕਾਰ ਹੈਪੀ ਮਾਨ ਅਤੇ ਸੁਖਦੇਵ ਬੈਂਸ ਨੇ ਵੀ ਸਰਕਾਰੀ ਸਹੂਲਤਾਂ ਦੀ ਉਪਯੁਕਤ ਵਰਤੋਂ ਬਾਰੇ ਤਰਕ ਸੰਗਤ ਚਿਤਾਵਨੀ ਦਿੱਤੀ। ਸੁਖਮੰਦਰ ਗਿੱਲ ਨੇ ਕਰਨੈਲ ਸਿੰਘ ਪਾਰਸ ਦੇ ਛੰਦ ਨੂੰ ਆਪਣੀ ਧੁਨ ਵਿਚ ਪੇਸ਼ ਕੀਤਾ - ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨੀਂ ਲੈਣਾ ਵੀਰਾ।ਜਸਵੀਰ ਸਿਹੋਤਾ ਨੇ ਕਵਿਤਾ ਸੁਣਾਈ - ਭਗਤ ਸਿਆਂ ਰੱਖ ਦੇ ਕਿਤਾਬ ਨਾ ਮੋੜ ਵਰਕਾ। ਚਰਨਦੀਪ ਕੌਰ ਨੇ ਆਪਣੀ ਕਵਿਤਾ ਰਾਹੀਂ ਭਗਤ ਸਿੰਘ ਦੀ ਸੋਚ ਨੂੰ ਵਿਸਾਰੇ ਜਾਣ ਤੋਂ ਸੁਚੇਤ ਕੀਤਾ। ਅਮਰੀਕ ਸਿੰਘ ਦੀ ਕਵਿਤਾ ਵੀ ਇਸੇ ਪਹਿਲੂ ਬਾਰੇ ਸੀ - ਕੌਮ ਅਤੇ ਦੇਸ਼ ਦੀ ਇੱਜ਼ਤ ਨੂੰ ਰੋਲ਼ੀਂ ਨਾ। ਕਰਮ ਸਿੰਘ ਭੁੱਲਰ ਨੇ ਭਗਤ ਸਿੰਘ ਦੇ ਜੀਵਨ 'ਤੇ ਸਰਸਰੀ ਝਾਤ ਪੁਆਈ। ਸੁਰਜੀਤ ਕੌਰ ਕੰਮੋਹ ਨੇ ਗੀਤ ਰਾਹੀਂ ਨਸ਼ਿਆਂ ਤੋਂ ਬਚਣ ਦੀ ਸਲਾਹ ਦਿੱਤੀ। ਸ਼ਮਿੰਦਰ ਸਿੰਘ ਕੰਮੋਹ ਨੇ 'ਰਮਤਾ ਦੀ ਅਮਰੀਕੀ ਵਹੁਟੀ' ਨਾਂ ਦੀ ਮਜ਼ਾਕੀਆ ਕਵਿਤਾ ਸੁਣਾਈ ਜਿਸ ਦੀ ਹਰੇਕ ਸਤਰ ਨੇ ਦਰਸ਼ਕਾਂ ਨੂੰ ਰੱਜ ਕੇ ਹਸਾਇਆ। ਮਨਮੋਹਨ ਬਾਠ ਨੇ ਸੁਰ ਅਤੇ ਲੈਅ ਦੇ ਸੁਮੇਲ ਨਾਲ਼ ਗਾਣਾ ਗਾ ਕੇ ਮਨੋਰੰਜਨ ਵਿਚ ਵਾਧਾ ਕੀਤਾ - ਕੋਈ ਤੁਮ ਸਾ ਨਹੀਂ ਹਜ਼ਾਰੋਂ ਮੇਂ। ਸੁਰਿੰਦਰਜੀਤ ਪਲਾਹਾ ਨੇ ਭੇਖੀ ਸਾਧ ਬਾਰੇ ਚੁਟਕਲਾ ਸੁਣਾ ਕੇ ਹਸਾਇਆ ਵੀ ਤੇ ਪਖੰਡ ਦਾ ਪਰਦਾਫਾਸ਼ ਵੀ ਕੀਤਾ। ਅਮਰਜੀਤ ਕੌਰ ਪਲਾਹਾ ਨੇ ਜੰਗ ਦੇ ਭਿਆਨਕ ਅਤੇ ਮਾਰੂ ਨਤੀਜਿਆਂ ਬਾਰੇ 'ਦੁਹਾਈ' ਨਾਂ ਦੀ ਕਵਿਤਾ ਦਾ ਢੁਕਵੇਂ ਅੰਦਾਜ਼ ਵਿਚ ਉਚਾਰਨ ਕਰ ਕੇ ਦਰਸ਼ਕਾਂ ਨੂੰ ਵਿਚਾਰ-ਮਗਨ ਕਰ ਦਿੱਤਾ - ਬਹੁੜੀ ਦੁਹਾਈ ਵੇ ਕੋਈ ਭਾਈਵਾਲ਼ ਬਣੋ / ਬਾਂਹ ਐਟਮ ਚੁਕਦੀ ਨੂੰ ਤੇ ਬੰਬ ਵਰ੍ਹਾਉਂਦੀ ਨੂੰ / ਹਾੜ੍ਹਾ ਵੇ ਭੰਨ ਦਿਉ, ਅਮਨਾਂ ਦੀ ਢਾਲ਼ ਬਣੋ।ਵਿਨੋਦ ਕੁਮਾਰੀ ਦਾ ਕੰਠ ਅਤੇ ਮਧੁਰ ਆਵਾਜ਼ ਗਾਇਕੀ ਲਈ ਕੁਦਰਤੀ ਵਰਦਾਨ ਹੈ। ਉਸ ਦਾ ਇਹ ਗੀਤ ਦਰਸ਼ਕਾਂ ਦੇ ਮਨਾਂ ਅੰਦਰ ਲਹਿ ਗਿਆ - ਲਾਈਆਂ ਤੇ ਤੋੜ ਨਿਭਾਈਂ ਛੱਡ ਕੇ ਨਾ ਜਾਈਂ। ਜਨਾਬ ਤਾਰਿਕ ਮਲਿਕ ਨੇ ਰਮਜ਼ਾਨ, ਰੋਜ਼ੇ ਅਤੇ ਈਦ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਸ ਨੇ ਦੱਸਿਆ, ਕੁਰਾਨ ਸ਼ਰੀਫ਼ ਦਾ ਨਿਰਦੇਸ਼ ਹੈ ਕਿ ਗ਼ਲਤ ਕੰਮ ਕਰਨ ਅਤੇ ਝੂਠ ਬੋਲਣ ਤੋਂ ਪ੍ਰਹੇਜ਼ਗ਼ਾਰ ਬਣੋ, ਨੇਕੀ ਕਰੋ, ਖ਼ੁਦਾ ਦੀ ਤਾਰੀਫ਼ ਕਰੋ। ਹੈਰੀ ਸੇਖੋਂ ਨੇ ਸਲਾਹ ਦਿੱਤੀ ਕਿ ਆਪਣੀਆਂ ਖ਼ਾਮੀਆਂ ਤੋਂ ਜਾਣੂੰ ਰਹੋ, ਨਸ਼ੇ ਅਤੇ ਬੁਰੇ ਕੰਮਾਂ ਤੋਂ ਦੂਰ ਰਹੋ। ਖ਼ਜ਼ਾਨਚੀ ਜੰਗਪਾਲ ਖੋਸਾ ਨੇ ਰਾਸ਼ੀ ਦਾਨ ਦੇਣ ਵਾਲ਼ੇ ਮੈਂਬਰਾਂ ਦੀ ਸੂਚੀ ਪੇਸ਼ ਕਰ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਸਮਾਪਤੀ ਦੀ ਰਸਮ ਸਮੇਂ ਸੁਰਿੰਦਰਜੀਤ ਪਲਾਹਾ ਨੇ ਕਿਹਾ ਕਿ ਇਸ ਸਭਾ ਦਾ ਮੈਂਬਰ ਹੋਣਾ ਖ਼ੁਸ਼ਕਿਸਮਤੀ ਹੈ। ਨਾਲ਼ ਹੀ ਜ਼ਿੰਦਗੀ ਦਾ ਮਿਆਰ ਤੇ ਕਿਰਦਾਰ ਉੱਚਾ ਰੱਖਣ ਦੀ ਨਸੀਹਤ ਪਰੋਸੀ। ਸਭ ਦਾ ਧੰਨਵਾਦ ਕੀਤਾ। ਜਗਦੇਵ ਸਿੱਧੂ ਮੰਚ ਦਾ ਸੰਚਾਲਨ ਕਰਦਿਆਂ ਪੇਸ਼ਕਾਰੀਆਂ ਦਰਮਿਆਨ ਭਗਤ ਸਿੰਘ ਦੇ ਜੀਵਨ ਦੇ ਅਹਿਮ ਪਹਿਲੂਆਂ 'ਤੇ ਇਤਿਹਾਸਕ ਹਵਾਲਿਆਂ ਨਾਲ਼ ਰੌਸ਼ਨੀ ਪਾਉਂਦਾ ਰਿਹਾ। ਅਖੀਰ ਵਿਚ ਵਰਤਾਏ ਭੋਜਨ ਵਿਚ ਖੀਰ ਦਾ ਸਵਾਦ ਯਾਦ ਰਹੇਗਾ।

# ਟੈਕਸੀ ਡਰਾਈਵਰ ਦੇਵਿੰਦਰ ਸਿੰਘ ਦੀ ਗੋਲੀ ਲੱਗਣ ਕਾਰਨ ਮੌਤ



ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸਸਕੈਚਵਨ ਸੂਬੇ ਦੇ ਨੌਰਥ ਬੈਟਲਫੋਰਡ ਸ਼ਹਿਰ ਵਿੱਚ ਇੱਕ ਬੇਹੱਦ ਮੰਦਭਾਗੀ ਘਟਨਾ ਵਾਪਰੀ ਹੈ, ਜਿਸ ਵਿੱਚ 30 ਸਾਲਾ ਪੰਜਾਬੀ ਨੌਜਵਾਨ ਦੇਵਿੰਦਰ ਸਿੰਘ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਦੇਵਿੰਦਰ ਸਿੰਘ Crown Cab ਕੰਪਨੀ ਵਿੱਚ ਟੈਕਸੀ ਡਰਾਈਵਰ ਵਜੋਂ ਕੰਮ ਕਰਦਾ ਸੀ। ਸ਼ੁੱਕਰਵਾਰ ਸਵੇਰੇ ਉਹ ਇੱਕ ਮੋਟਲ ਦੇ ਬਾਹਰ ਸਵਾਰੀ ਦੀ ਉਡੀਕ ਕਰ ਰਿਹਾ ਸੀ। ਇਸ ਦੌਰਾਨ ਇੱਕ ਔਰਤ ਮੋਟਲ ਤੋਂ ਬਾਹਰ ਆਈ ਜਿਸਦਾ ਇੱਕ ਵਿਅਕਤੀ ਪਿੱਛਾ ਕਰ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਨੇ ਔਰਤ 'ਤੇ ਗੋਲੀ ਚਲਾਈ ਪਰ ਗੋਲੀ ਟੈਕਸੀ ਵਿੱਚ ਬੈਠੇ ਦੇਵਿੰਦਰ ਸਿੰਘ ਨੂੰ ਲੱਗ ਗਈ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।ਦੇਵਿੰਦਰ ਸਿੰਘ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਪਿੰਡ ਦੌਲਤਪੁਰਾ ਨੀਵਾਂ ਦਾ ਰਹਿਣ ਵਾਲਾ ਸੀ। ਉਹ ਕਰੀਬ 4 ਸਾਲ ਪਹਿਲਾਂ ਕੈਨੇਡਾ ਆਪਣੀ ਪਤਨੀ ਕੋਲ ਗਿਆ ਸੀ। ਟੈਕਸੀ ਚਲਾਉਣ ਦੇ ਨਾਲ-ਨਾਲ ਉਹ ਆਪਣੀ ਪਤਨੀ ਨਾਲ ਮਿਲ ਕੇ ਇੱਕ ਕੈਫੇ ਵੀ ਚਲਾਉਂਦਾ ਸੀ। ਉਸ ਦਾ ਵਿਆਹ ਲਗਭਗ 6 ਸਾਲ ਪਹਿਲਾਂ ਹੋਇਆ ਸੀ। ਮਾਮਲੇ ਦੀ ਜਾਂਚ RCMP ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਨੂੰ ਹੋਮੀਸਾਈਡ ਕਰਾਰ ਦਿੱਤਾ ਗਿਆ ਹੈ।












## 27 ਮਾਰਚ, ਵਿਸ਼ਵ ਰੰਗਮੰਚ ਦਿਵਸ 'ਤੇ ਵਿਸ਼ੇਸ਼

# ਰੰਗਮੰਚ ਦੀ ਬੇ-ਨਿਆਜ਼ ਸ਼ਖ਼ਸੀਅਤ - ਜਤਿੰਦਰ ਬਰਾੜ

**ਜਗਦੇਵ ਸਿੱਧੂ**
825 712 1135

"ਜੇਕਰ ਅਸੀਂ ਦਰਿਆਵਾਂ ਦੇ ਮੁੱਖ ਮੋੜ ਸਕਦੇ ਹਾਂ ਤਾਂ ਅਸੀਂ ਜ਼ਿੰਦਗੀ ਦਾ ਰੁੱਖ ਕਿਉਂ ਨਹੀਂ ਮੋੜ ਸਕਦੇ ? ਸਮਾਜ ਦੇ ਰੁੱਖ ਕਿਉਂ ਨਹੀਂ ਮੋੜ ਸਕਦੇ ?" ਗੁਰਸ਼ਰਨ ਭਾਅ ਜੀ ਦੇ ਇਨ੍ਹਾਂ ਸ਼ਬਦਾਂ ਨੂੰ ਪੱਲੇ ਬੰਨ੍ਹ ਕੇ ਜੇ ਕੋਈ ਸਮਾਜ ਦੇ ਰੁੱਖ ਮੋੜਨ ਦਾ ਤਹੱਈਆ ਕਰ ਕੇ ਤਨੋਂ-ਮਨੋਂ-ਧਨੋਂ ਜੁਟ ਗਿਆ ਤਾਂ ਉਹ ਸੀ ਜਤਿੰਦਰ ਸਿੰਘ ਬਰਾੜ। ਉਸ ਨੇ ਇੰਜੀਨੀਅਰ ਅਤੇ ਸਨਅਤਕਾਰ ਹੁੰਦਿਆਂ ਆਪਣੇ ਸਭ ਸਾਧਨਾਂ, ਆਪਣੀ ਪ੍ਰਤਿਭਾ,ਆਪਣੇ ਅਨੁਭਵਾਂ, ਆਪਣੀ ਲਿਆਕਤ, ਆਪਣੀ ਸਿਰਜਣ-ਸ਼ਕਤੀ ਅਤੇ ਸਮਰੱਥਾ ਨੂੰ ਇਸ ਮਾਨਵੀ ਕਾਰਜ ਲਈ ਸਮਰਪਿਤ ਕਰ ਦਿੱਤਾ। ਉਸ ਨੇ ਨਾਟਕ ਲਿਖੇ, ਨਿਰਦੇਸ਼ਨਾ ਕੀਤੀ, ਅਦਾਕਾਰੀ ਕੀਤੀ ਅਤੇ ਰੰਗਮੰਚ ਜਗਤ ਨੂੰ ਪੰਜਾਬ ਨਾਟਸ਼ਾਲਾ ਦੇ ਰੂਪ ਵਿੱਚ ਅਦਭੁਤ ਤੋਹਫ਼ਾ ਦੇ ਗਿਆ। ਜਤਿੰਦਰ ਬਰਾੜ ਬਹੁ-ਪ੍ਰਤਿਭਾਸ਼ਾਲੀ ਹੋਣ ਦੇ ਨਾਲ਼ ਇੱਕ ਬਹੁਤ ਹੀ ਜ਼ਹੀਨ ਇਨਸਾਨ ਸੀ। ਉਸ ਨੇ ਨਾਟਕ ਅਤੇ ਰੰਗਮੰਚ ਦੀ ਕਲਾ ਨੂੰ ਸਮਾਜ ਬਦਲਣ ਦੇ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਿਆ। ਉਸ ਬਾਰੇ ਹੋਰ ਵਿਸਥਾਰ ਵਿੱਚ ਲਿਖਣ ਤੋਂ ਪਹਿਲਾਂ ਰੰਗਮੰਚ ਦੇ ਇਤਿਹਾਸ ਉਪਰ ਸਰਸਰੀ ਨਜ਼ਰ ਮਾਰਨੀ ਵਾਜਬ ਰਹੇਗੀ।

ਰੰਗਮੰਚ ਦੇ ਸ਼ੁਰੂ ਹੋਣ ਦਾ ਕੋਈ ਨਿਸ਼ਚਿਤ ਸਮਾਂ ਮਿਥਣਾ ਤਾਂ ਸ਼ਾਇਦ ਸੰਭਵ ਨਾ ਹੋਵੇ ਪਰ ਲੋਕਾਂ ਦੇ ਮਨੋਰੰਜਨ ਅਤੇ ਸਭਿਆਚਾਰ ਦੇ ਇੱਕ ਅੰਗ ਵਜੋਂ ਲੋਕ ਕਲਾਕਾਰ ਬਹੁਤ ਪੁਰਾਣੇ ਸਮਿਆਂ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਸਰਗਰਮ ਰਹੇ ਹਨ ਜੋ ਆਮ ਲੋਕਾਂ ਦੇ ਮਨ-ਪਰਚਾਵੇ ਦੇ ਨਾਲ਼-ਨਾਲ਼ ਉਪਦੇਸ਼ ਦੇਣ ਅਤੇ ਕਟਾਖ਼ਸ਼ ਕਰ ਕੇ ਬੁਰਾਈਆਂ ਤੋਂ ਖ਼ਬਰਦਾਰ ਕਰਨ ਦਾ ਕਾਰਜ ਕਰਦੇ ਰਹੇ ਹਨ। ਇਨ੍ਹਾਂ ਵਿੱਚ ਨਕਲੀਆਂ, ਰਾਸਧਾਰੀਆਂ, ਮਰਾਸੀਆਂ, ਨੌਟੰਕੀਆਂ, ਨਟਾਂ ਆਦਿ ਨੂੰ ਗਿਣ ਸਕਦੇ ਹਾਂ। ਇਨ੍ਹਾਂ ਨੇ ਇਸ ਪ੍ਰੰਪਰਾ ਨੂੰ ਅੱਗੇ ਤੋਰੀ ਰੱਖਿਆ। ਪੁਰਾਤਨ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਬਹੁਤ ਪਹਿਲਾਂ ਯੂਨਾਨੀ ਨਾਟਕਕਾਰ ਸੋਫੋਕਲਸ ਨੇ 123 ਨਾਟਕ ਲਿਖੇ ਸਨ ਜਿਨ੍ਹਾਂ ਵਿੱਚ ਉਡੀਪਸ ਰੈਕਸ ਅਤੇ ਐਂਟੀਗੋਨ ਨਾਂ ਦੇ ਨਾਟਕ ਸ਼ਾਮਲ ਹਨ। ਉਸ ਨੇ 90 ਸਾਲ ਉਮਰ ਭੋਗੀ। ਪੰਜਾਬੀ ਵਿੱਚ ਕਾਲੀਦਾਸ ਦੇ ਨਾਟਕ 'ਸ਼ਕੁੰਤਲਾ' ਦਾ ਸੰਸਕ੍ਰਿਤ ਤੋਂ ਤਰਜਮਾ ਡਾ. ਚਰਨ ਸਿੰਘ ਨੇ ਕੀਤਾ। ਇਸ ਤੋਂ ਬਿਨਾ ਸ਼ੈਕਸਪੀਅਰ ਦੇ ਨਾਟਕ 'ਉਥੈਲੋ', 'ਰੋਮੀਉ ਤੇ ਜੂਲੀਅਟ', 'ਕਾਮੇਡੀ ਆਫ ਐਰਰਜ਼' ਅਤੇ 'ਮਰਚੈਂਟ ਆਫ ਵੈਨਿਸ' ਦਾ ਪੰਜਾਬੀ ਵਿੱਚ ਅਨੁਵਾਦ ਹੋਇਆ। ਗਿਆਨੀ ਦਿੱਤ ਸਿੰਘ ਦੇ 'ਸੁਪਨ ਨਾਟਕ' ਤੇ 'ਰਾਜ ਪ੍ਰਬੋਧ' ਕਾਵਿ-ਨਾਟਕਾਂ ਨੂੰ ਅਤੇ ਭਾਈ ਵੀਰ ਸਿੰਘ ਦੇ 'ਜੈਨਾਂ ਦਾ ਵਿਰਲਾਪ' ਨੂੰ ਮੁੱਢਲੇ ਪੰਜਾਬੀ ਨਾਟਕ ਮੰਨਿਆਂ ਜਾਂਦਾ ਹੈ। ਭਾਈ ਵੀਰ ਸਿੰਘ ਦਾ ਨਾਟਕ 'ਰਾਜਾ ਲਖਦਾਤਾ ਸਿੰਘ' 1910 ਵਿੱਚ ਛਪਿਆ। ਕੇਵਲ ਧਾਲ਼ੀਵਾਲ਼ ਦੇ ਲਿਖਣ ਮੁਤਾਬਕ ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਦਾ ਪੰਜਾਬੀ ਵਿੱਚ ਲਿਖਿਆ ਨਾਟਕ 'ਸ਼ਰਾਬ ਕੌਰ' 1895 ਵਿੱਚ ਅੰਮ੍ਰਿਤਸਰ ਅਤੇ ਲਾਹੌਰ ਵਿੱਚ ਖੇਡਿਆ ਗਿਆ ਜੋ ਪੰਜਾਬੀ ਵਿੱਚ ਲਿਖਿਆ ਅਤੇ ਖੇਡਿਆ ਜਾਣ ਵਾਲਾ ਪਹਿਲਾ ਨਾਟਕ ਸੀ। ਇਹ ਸਮਾਜਿਕ ਬੁਰਾਈਆਂ ਬਾਰੇ ਸੀ ਤੇ ਇਹ ਵਿਸ਼ਾ ਹੁਣ ਦੇ ਨਾਟਕਾਂ ਵਿੱਚ ਵੀ ਆਉਂਦਾ ਹੈ। ਫੇਰ ਪੱਛਮੀ ਨਾਟਕਾਂ ਦੇ ਪ੍ਰਭਾਵ ਹੇਠ ਨਾਟਕਾਂ ਨੂੰ ਰੰਗਮੰਚ ਤੇ ਪੇਸ਼ ਕਰਨ ਦੇ ਪੱਖੋਂ ਇਨ੍ਹਾਂ ਦਾ ਮੁਹਾਂਦਰਾ ਅਤੇ ਦਿੱਖ ਨਿਖਾਰਨ ਲਈ ਯਤਨ ਹੋਏ। ਅਜਿਹੇ ਨਾਟਕਕਾਰਾਂ ਵਿੱਚ ਲਾਲਾ ਕ੍ਰਿਪਾ ਸਾਗਰ, ਬ੍ਰਿਜ ਲਾਲ ਸ਼ਾਸ਼ਤਰੀ ਅਤੇ ਨੋਹਰਾ ਰਿਚਰਡਜ਼ ਦਾ ਉੱਘਾ ਯੋਗਦਾਨ ਰਿਹਾ। ਪੰਜਾਬੀ ਦੇ ਨਾਮਵਰ ਨਾਟਕਕਾਰਾਂ ਵਿੱਚ ਸ਼ਾਮਲ ਹਨ - ਸੰਤ ਸਿੰਘ ਸੇਖੋਂ, ਈਸ਼ਵਰ ਚੰਦਰ ਨੰਦਾ, ਰੌਸ਼ਨ ਲਾਲ ਅਹੂਜਾ, ਬਲਵੰਤ ਗਾਰਗੀ, ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਆਤਮਜੀਤ, ਅਜਮੇਰ ਸਿੰਘ ਔਲਖ, ਭਾਅ ਜੀ ਗੁਰਸ਼ਰਨ ਸਿੰਘ, ਹਰਪਾਲ ਟਿਵਾਣਾ, ਸਾਹਿਬ ਸਿੰਘ, ਕੇਵਲ ਧਾਲ਼ੀਵਾਲ਼, ਜਤਿੰਦਰ ਬਰਾੜ, ਦੇਵਿੰਦਰ ਦਮਨ, ਰਾਣਾ ਰਣਬੀਰ ਅਤੇ ਕਈ ਹੋਰ। ਈਸ਼ਵਰ ਚੰਦਰ ਨੰਦਾ ਨੇ ਆਪਣੇ ਨਾਟਕ 'ਦੁਲਹਨ' ਨੂੰ ਰੰਗਮੰਚ 'ਤੇ ਪੇਸ਼ ਕੀਤਾ। ਅੰਮ੍ਰਿਤਸਰ ਨੂੰ ਇਹ ਮਾਣ ਹਾਸਲ ਹੈ ਕਿ ਇੱਥੇ ਬਹੁਤ ਨਾਟਕ ਖੇਡੇ ਗਏ। ਇੱਥੇ ਨਾਟਕਾਂ ਨਾਲ਼ ਜੁੜੀਆਂ ਕਈ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਹੋਂਦ ਵਿੱਚ ਆਈਆਂ। ਸ. ਸ. ਅਮੋਲ ਨੇ 1937 ਵਿੱਚ ਅੰਮ੍ਰਿਤਸਰ ਵਿਖੇ ਪੰਜਾਬੀ ਨਾਟਕ ਸਭਾ ਕਾਇਮ ਕਰਨ ਦਾ ਉਪਰਾਲਾ ਕੀਤਾ। ਨਾਨਕ ਸਿੰਘ ਦੇ ਨਾਟਕ 'ਬੀ.ਏ. ਪਾਸ' ਅਤੇ 'ਚੌੜ ਚਾਨਣ' ਪ੍ਰੀਤ ਨਗਰ ਵਿੱਚ ਖੇਡੇ ਗਏ। ਪ੍ਰੀਤ ਨਗਰ ਸਾਹਿਤਕ ਗਤੀਵਿਧੀਆਂ ਅਤੇ ਨਾਟਕ-ਮੰਚਨ ਦਾ ਕੇਂਦਰ ਬਣ ਗਿਆ ਸੀ। ਗੁਰਬਖ਼ਸ਼ ਸਿੰਘ ਦੇ ਨਾਟਕ 'ਰਾਜਕੁਮਾਰੀ ਲਤਿਕਾ', 'ਪ੍ਰੀਤ ਮੁਕਤ' ਅਤੇ 'ਪ੍ਰੀਤਮਣੀ' ਵੀ ਇੱਥੇ ਹੀ ਖੇਡੇ ਗਏ।

ਨਾਟਕਕਾਰਾਂ ਅਤੇ ਨਾਟ-ਕਰਮੀਆਂ ਦੇ ਇਸ ਪਿਛੋਕੜ ਵਿੱਚ ਜਤਿੰਦਰ ਬਰਾੜ ਦਾ ਸਥਾਨ ਨਿਵੇਕਲਾ ਅਤੇ ਅਦੁਤੀ ਹੈ। ਉਸ ਦਾ ਜਨਮ 18 ਜੁਲਾਈ, 1945 ਨੂੰ ਜਗਦੇਵ ਖੁਰਦ, ਤਹਿਸੀਲ ਅਜਨਾਲ਼ਾ, ਜ਼ਿਲਾ ਅੰਮ੍ਰਿਤਸਰ ਵਿੱਚ ਮਾਤਾ ਬਲਬੀਰ ਕੌਰ ਅਤੇ ਪਿਤਾ ਸੂਰਤ ਸਿੰਘ ਬਰਾੜ ਦੇ ਘਰ ਹੋਇਆ। ਸਰਦਾਰ ਸੂਰਤ ਸਿੰਘ ਪੰਜਾਬ ਸਰਕਾਰ ਦੇ ਸਿੰਜਾਈ ਮਹਿਕਮੇ ਵਿੱਚ ਅਫਸਰ ਸਨ। ਉਨ੍ਹਾਂ ਦਾ ਜੱਦੀ-ਪੁਰਖੀ ਪਿੰਡ ਜੈਤੋ ਨੇੜੇ 'ਖੱਚੜਾਂ' ਸੀ। ਘਰ ਵਿੱਚ ਪ੍ਰੀਤਲੜੀ ਅਤੇ ਸਾਹਿਤਕ ਸਮੱਗਰੀ ਹੋਣ ਕਰ ਕੇ ਜਤਿੰਦਰ ਨੂੰ ਬਚਪਨ ਤੋਂ ਹੀ ਸਾਹਿਤ ਦੀ ਚੇਟਕ ਲੱਗ ਗਈ। ਉਸ ਨੇ 1968 ਵਿੱਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਕਾਲਜ ਦੌਰਾਨ ਉਸ ਦੇ ਕਵਿਤਾ ਲਿਖਣ, ਚਿਤਰਕਾਰੀ ਕਰਨ, ਨਾਟਕ ਲਿਖਣ ਅਤੇ ਅਦਾਕਾਰੀ ਦੇ ਸ਼ੌਕ ਪਲ਼ਦੇ ਰਹੇ। ਕੁੱਝ ਅਰਸਾ ਬਟਾਲ਼ੇ ਇੱਕ ਫਾਊਂਡਰੀ ਵਿੱਚ ਕੰਮ ਕੀਤਾ। ਇੱਥੇ ਕੰਮ ਕਰਦਿਆਂ ਮਾਲਕ-ਮਜ਼ਦੂਰ ਦੇ ਸੰਬੰਧਾਂ ਅਤੇ ਮਜ਼ਦੂਰਾਂ ਨਾਲ਼ ਹੁੰਦੀ ਬੇਇਨਸਾਫੀ ਬਾਰੇ ਜੋ ਵਰਤਾਰਾ ਅੱਖੀਂ ਵੇਖਿਆ, ਉਸ ਨੇ ਉਸ ਦੀ ਸਿਰਜਣ-ਸ਼ਕਤੀ ਨੂੰ ਇੱਕ ਉਸਾਰੂ ਸੇਧ ਦਿੱਤੀ। ਮੈਂ 1970 ਵਿੱਚ ਇੰਜੀਨੀਅਰਿਗ ਦੀ ਡਿਗਰੀ ਹਾਸਲ ਕਰ ਲਈ ਸੀ। ਅਸੀਂ ਦੋਵੇਂ ਮਾਰਚ, 1971 ਵਿੱਚ ਪੰਜਾਬ ਸਟੇਟ ਮਾਰਕਫੈਡ ਵਿੱਚ ਬਤੌਰ ਸਹਾਇੱਕ ਇੰਜੀਨੀਅਰ (ਜਿਸ ਨੂੰ ਐਸ. ਡੀ. ਉ. ਵੀ ਕਹਿੰਦੇ ਹਨ) ਭਰਤੀ ਹੋਏ। ਨਿਪੁੰਨ ਇੰਜੀਨੀਅਰ ਹੋਣ ਦੇ ਬਾਵਜੂਦ ਉਸ ਵਿੱਚ ਹੋਰ ਸਿੱਖਣ ਅਤੇ ਨਵੇਂ ਤਜਰਬੇ ਕਰਨ ਦੀ ਰੁਚੀ ਪ੍ਰਬਲ ਸੀ। ਉਹ ਵਧੀਆ ਸਾਥੀ ਅਤੇ ਮਦਦਗਾਰ ਸੀ। ਉਸ ਨਾਲ਼ ਬਿਤਾਏ ਸਮੇਂ ਦੀਆਂ ਅਨੇਕਾਂ ਯਾਦਾਂ ਮੇਰਾ ਸਰਮਾਇਆ ਹਨ। ਉਸ ਦੀ ਸ਼ਾਦੀ 1971 ਦੇ ਸ਼ੁਰੂ ਵਿੱਚ ਦਵਿੰਦਰ ਕੌਰ ਨਾਲ਼ ਹੋਈ ਜੋ ਖਾਲਸਾ ਕਾਲਜ ਫਾਰ ਵਿਮੈਨ ਵਿੱਚ ਇੱਕ ਨਾਮਿਕਸ ਪੜ੍ਹਾਉਂਦੀ ਸੀ। ਅਸੀਂ ਅਕਸਰ ਸ਼ਾਮ ਨੂੰ ਲੁਧਿਆਣੇ ਮਾਡਲ ਟਾਊਨ ਦੇ ਚਤਰ ਸਿੰਘ ਪਾਰਕ ਵਿੱਚ ਸੈਰ ਕਰਦੇ ਹੋਏ ਸਾਹਿਤਕ ਵਿਚਾਰ-ਚਰਚਾ ਕਰਦੇ ਰਹਿੰਦੇ ਸਾਂ। ਉਦੋਂ ਹੀ ਸੈਰ ਕਰਦਿਆਂ ਉਸ ਨੇ ਮੈਨੂੰ ਤਾਜ਼ਾ ਲਿਖੇ ਨਾਟਕ ਟੋਆ ਦੀ ਕਹਾਣੀ ਆਪਣੇ ਅੰਦਾਜ਼ ਵਿੱਚ ਸੁਣਾਈ। ਉਸ ਦੇ ਹੱਥਾਂ ਦੀ ਹਰਕਤ, ਚਿਹਰੇ ਦੇ ਹਾਵ-ਭਾਵ, ਕਦੇ ਰੁਕਣਾ, ਕਦੇ ਤੁਰਨਾ ਅਤੇ ਅਦਾਵਾਂ ਤੋਂ ਇਉਂ ਲਗਦਾ ਸੀ ਜਿਵੇਂ ਪੂਰਾ ਮਗਨ ਹੋ ਕੇ ਮੰਚ ਤੇ ਅਦਾਕਾਰੀ ਕਰ ਰਿਹਾ ਹੋਵੇ। ਉਦੋਂ ਉਸ ਨੇ ਇਹ ਵੀ ਦੱਸਿਆ ਸੀ ਕਿ ਉਸ ਨੇ ਫਿਲਟਰ ਦੀ ਮਦਦ ਨਾਲ਼ ਆਵਾਜ਼ ਅਤੇ ਸਾਜ਼ ਨੂੰ ਅਲੱਗ ਕੀਤਾ ਹੈ। ਉਦੋਂ ਨਹੀਂ ਸੀ ਪਤਾ ਕਿ ਅਜਿਹੀਆਂ ਜੁਗਤਾਂ ਨੂੰ ਇੱਕ ਦਿਨ ਨਾਟਸ਼ਾਲਾ ਬਨਾਉਣ ਵੇਲ਼ੇ ਵਰਤੇਗਾ। ਉਹ ਬਹੁਤ ਮਿਲਾਪੜਾ ਸੀ, ਗੰਭੀਰ ਵੀ ਬਹੁਤ, ਉਸ ਦੇ ਹੱਸਣ ਦਾ ਅੰਦਾਜ਼ ਹਾਲੇ ਵੀ ਮੇਰੇ ਚੇਤੇ ਵਿੱਚ ਉਵੇਂ ਹੈ। ਉਸ ਦਾ ਆਅ ਜਾਂ ਹਾਅ ਕਹਿ ਕੇ ਵਿਰਾਮ ਲਾਉਣ ਦੀ ਅਦਾ ਮੇਰੇ ਮਨ ਵਿੱਚ ਟਿਕੀ ਪਈ ਹੈ। ਉਸ ਦੇ ਪਹਿਲੇ ਪੁੱਤਰ ਦੇ ਜਨਮ ਵੇਲ਼ੇ (1971) ਉਸ ਨੇ ਦੱਸਿਆ ਕਿ ਉਹ ਮੁੰਡੇ ਨੂੰ ਮਿੱਠੂ ਕਹਿ ਕੇ ਬੁਲਾਉਂਦਾ ਹੈ (ਪੂਰਾ ਨਾਂ ਅਮੁਲਦੀਪ)। ਇਸ ਦਾ ਹੀ ਅਸਰ ਹੈ ਕਿ ਮੈਂ ਵੀ ਆਪਣੇ ਧੀ - ਪੁੱਤ ਦੋਵਾਂ ਨੂੰ ਅੱਜ ਤੱਕ ਮਿੱਠੂ ਕਹਿ ਕੇ ਬੁਲਾਉਂਦਾ ਹਾਂ। ਉਸ ਦਾ ਦੂਜਾ ਪੁੱਤਰ ਅਭੀਜੀਤ ਸਿੰਘ ਬਰਾੜ 1977 ਵਿੱਚ ਪੈਦਾ ਹੋਇਆ।



ਜਤਿੰਦਰ ਦਾ ਕੱਦ ਲੰਮਾਂ, ਜੁੱਸਾ ਤਕੜਾ, ਸਰੀਰ ਭਰਵਾਂ ਗਠਿਆ ਹੋਇਆ, ਬਣਦਾ-ਤਣਦਾ ਸੋਹਣਾ-ਸੁਨੱਖਾ ਜਵਾਨ ਸੀ। ਉਹ ਨਾ ਕਦੇ ਗੁੱਸੇ ਹੁੰਦਾ ਸੀ, ਨਾ ਉੱਚਾ ਬੋਲਦਾ ਸੀ, ਉਸ ਦੇ ਇਸ਼ਾਰੇ ਅਤੇ ਚਿਹਰੇ ਦੇ ਹਾਵ-ਭਾਵ ਬਹੁਤ ਕੁਝ ਕਹਿ ਜਾਂਦੇ ਸਨ। ਉਹ ਤਾਂ ਕੁਦਰਤੀ ਹੀ ਬਣਿਆ ਬਣਾਇਆ ਅਦਾਕਾਰ ਸੀ। ਤਿੰਨ ਕੁ ਵਰ੍ਹੇ ਹੀ ਉਸ ਦਾ ਨਿੱਘਾ ਸਾਥ ਮਿਲਿਆ। ਫਿਰ ਉਸ ਨੇ ਮਾਰਕਫੈਡ ਤੋਂ ਅਸਤੀਫਾ ਦੇ ਦਿੱਤਾ। ਈਸਟ ਜਰਮਨੀ ਤੋਂ ਨਵੀਂ ਈ-512 ਕੰਬਾਈਨ ਹਾਰਵੈਸਟਰ ਮੰਗਵਾ ਲਈ। ਕੰਬਾਈਨ ਨੂੰ ਕਾਮਯਾਬੀ ਨਾਲ ਚਲਾ ਕੇ ਚੰਗੀ ਕਮਾਈ ਕਰ ਲਈ। ਉਸ ਨੇ ਕੰਬਾਈਨ ਦੇ ਪੁਰਜ਼ੇ, ਖਾਸ ਕਰ ਕੇ ਬਲੇਡ ਬਨਾਉਣ ਲਈ ਕਾਰਖਾਨਾ ਲਾ ਲਿਆ।ਸ਼ਾਰਪ ਬ੍ਰਾਂਡ ਦੇ ਨਾਂ ਦਾ ਇਹ ਬਲੇਡ ਕੁਆਲਟੀ ਅਤੇ ਵਿਕਰੀ ਪੱਖੋਂ ਬਹੁਤ ਕਾਮਯਾਬ ਰਿਹਾ। ਜਤਿੰਦਰ ਨੇ ਤਿੰਨ ਸਾਲ ਅਮਰੀਕਾ ਵੀ ਲਾਏ ਪਰ ਗੁਰਸ਼ਰਨ ਭਾਅ ਜੀ ਤੋਂ ਲਿਆ ਸਮਾਜ-ਬਦਲੀ ਦਾ ਵਿਚਾਰ ਉਸ ਦੇ ਧੁਰ ਅੰਦਰ ਖੌਰੂ ਪਾਉਂਦਾ ਰਿਹਾ ਤੇ ਉਹ ਵਾਪਸ ਆ ਗਿਆ।

ਜਤਿੰਦਰ ਦੇ ਨਾਟਕ-ਰਚਨਾ ਦਾ ਅਸਲੀ ਦੌਰ ਬਟਾਲ਼ੇ ਰਹਿਣ ਸਮੇਂ ਤੋਂ ਚਲਦਾ ਹੈ ਜਦੋਂ ਉਸ ਨੇ 1970 ਵਿੱਚ ਪਹਿਲਾ ਪੂਰਾ ਨਾਟਕ ਲੋਹੇ ਦੀ ਭੱਠੀ ਲਿਖਿਆ। ਉਸ ਦੇ ਹੋਰ ਨਾਟਕ ਡਾਰਮਿਟਰੀ, ਟੋਆ, ਫ਼ਾਈਲ ਚਲਦੀ ਰਹੀ, ਫ਼ਾਸਲੇ, ਕੁਦੇਸਣ, ਪਾਏਦਾਨ, ਸਾਕਾ ਜੱਲ੍ਹਿਆਂਵਾਲ਼ਾ ਬਾਗ ਹਨ। ਇਕਾਂਗੀ ਅਤੇ ਪੂਰੇ ਨਾਟਕਾਂ ਦੀ ਗਿਣਤੀ ਤਿੰਨ ਦਰਜਣ ਤੋਂ ਵੱਧ ਹੈ। ਉਸ ਦੇ ਨਾਟਕਾਂ ਦਾ ਵਿਸ਼ਾ ਸਮਾਜ ਅੰਦਰ ਨਾ-ਬਰਾਬਰੀ, ਮਾਲਕ-ਮਜ਼ਦੂਰ ਵਿੱਚਲਾ ਪਾੜਾ, ਕਿਰਤੀਆਂ ਮਜ਼ਦੂਰਾਂ ਨਾਲ਼ ਹੁੰਦੀ ਬੇ-ਇਨਸਾਫ਼ੀ, ਸਰਕਾਰੀ ਨੀਤੀਆਂ ਅਤੇ ਸਮਾਜਿਕ ਕੁਰੀਤੀਆਂ ਉਪਰ ਟਕੋਰ ਆਦਿ ਹਨ। ਇਹ ਨਾਟਕ ਦਰਸ਼ਕਾਂ ਨੂੰ ਸਮਾਜ ਵਿੱਚ ਲੋੜੀਂਦੀ ਤਬਦੀਲੀ ਦਾ ਤਕੜਾ ਸੁਨੇਹਾ ਦਿੰਦੇ ਹਨ।

ਪੰਜਾਬ ਨਾਟਸ਼ਾਲਾ - ਜਤਿੰਦਰ ਨਾਟਕ-ਮੰਚਨ ਦੀਆਂ ਲੋੜਾਂ ਅਤੇ ਬਾਰੀਕੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਇਸ ਮੰਤਵ ਲਈ ਅਜਿਹੀ ਨਾਟਸ਼ਾਲਾ ਸਥਾਪਿਤ ਕਰਨ ਦਾ ਸੁਪਨਾ ਸਿਰਜਿਆ ਜੋ ਮੰਚਨ ਦੀਆਂ ਸਭ ਜ਼ਰੂਰਤਾਂ ਨੂੰ ਪੂਰਾ ਕਰਦਾ ਹੋਵੇ। ਪੰਜਾਬ ਦੇ ਇਸ ਅਲਬੇਲੇ ਸਪੁੱਤਰ ਨੇ ਆਪਣੇ ਕਾਰਖਾਨੇ ਵਾਲ਼ੀ ਅਤੀ ਕੀਮਤੀ ਜਗਾਹ ਇਸ ਕਾਰਜ ਲਈ ਅਰਪਣ ਕਰ ਦਿੱਤੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਐਨ ਸਾਹਮਣੇ ਪੰਜਾਬ ਨਾਟਸ਼ਾਲਾ ਦੀ ਉਸਾਰੀ ਮੁਕੰਮਲ ਕੀਤੀ। ਇਸ ਦਾ ਡੀਜ਼ਾਈਨ ਆਧੁਨਿਕ ਲੋੜਾਂ ਅਤੇ ਸਹੂਲਤਾਂ ਮੁਤਾਬਕ ਤਿਆਰ ਕੀਤਾ। ਇਸ ਕਾਰਜ ਵਿੱਚ ਕੇਵਲ ਧਾਲ਼ੀਵਾਲ਼, ਨੀਟਾ ਮੁਹਿੰਦਰਾ ਅਤੇ ਕੁਝ ਹੋਰ ਨਾਟਕਕਾਰਾਂ ਦਾ ਪੂਰਾ ਸਾਥ ਅਤੇ ਸਹਿਯੋਗ ਮਿਲਿਆ। ਪੰਜਾਬ ਨਾਟਸ਼ਾਲਾ ਦਾ ਉਦਘਾਟਨ 27 ਮਾਰਚ, 1998 ਨੂੰ ਗੁਰਸ਼ਰਨ ਭਾਅ ਜੀ ਅਤੇ ਅਜਮੇਰ ਔਲਖ ਨੇ ਅਨੇਕਾਂ ਨਾਟਕਕਾਰਾਂ, ਨਾਟ-ਕਰਮੀਆਂ ਅਤੇ ਨਾਟਕ-ਪ੍ਰੇਮੀਆਂ ਦੀ ਹਾਜ਼ਰੀ ਵਿੱਚ ਕੀਤਾ। ਇਸ ਦਿਨ ਪਹਿਲੀ ਪੇਸ਼ਕਾਰੀ ਕੇਵਲ ਧਾਲ਼ੀਵਾਲ਼ ਦੀ ਨਿਰਦੇਸ਼ਨਾ ਹੇਠ ਨਾਟਕ ਫ਼ਾਈਲ ਚਲਦੀ ਰਹੀਦੀ ਹੋਈ। ਇਹ ਦਿਨ ਦੁਨੀਆਂ ਭਰ ਵਿੱਚ ਵਿਸ਼ਵ ਰੰਗਮੰਚ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਵਸ ਦੀ ਨੀਂਹ ਜੂਨ, 1961 ਵਿੱਚ ਇੰਟਰਨੈਸ਼ਨਲ ਥੀਏਟਰ ਇੰਸਟੀਚਿਊਟ ਵੱਲੋਂ ਵੀਆਨਾ ਵਿਖੇ ਰੱਖੀ ਗਈ ਸੀ। ਇਸ ਦਾ ਮਨੋਰਥ ਨਾਟਕ-ਕਲਾ ਦੀ ਵਿਧੀ ਰਾਹੀਂ ਅਮਨ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਲੋਕਾਂ ਤੱਕ ਪੁਚਾਉਣਾ ਹੈ। ਇਹ ਦਿਵਸ 27 ਮਾਰਚ, 1962 ਤੋਂ ਹਰ ਸਾਲ ਲਗਾਤਾਰ ਮਨਾਇਆ ਜਾ ਰਿਹਾ ਹੈ। ਇਸ ਨਾਟਸ਼ਾਲਾ ਵਿੱਚ ਨਾਟ-ਘਰ, ਸੈਮੀਨਾਰ ਹਾਲ, ਗਰੀਨ ਰੂਮ, ਛੱਤ ਉਪਰ ਕਮਰੇ, ਖੁੱਲ੍ਹੀ ਰਸੋਈ, ਗੁਸਲਖਾਨਾ ਅਤੇ ਖੁੱਲ੍ਹਾ ਵਿਹੜਾ ਹੈ। ਆਧਨਿਕ ਸਹੂਲਤਾਂ ਨਾਲ ਸਜੱਗ ਰੰਗਮੰਚ ਹੈ, ਇਸ ਵਿੱਚ ਘੁੰਮਣ ਵਾਲ਼ੀ ਸਟੇਜ ਹੈ, ਕਈ ਪ੍ਰਵੇਸ਼-ਦੁਆਰ ਹਨ, ਬਰਸਾਤ ਦਾ ਪ੍ਰਭਾਵ ਸਿਰਜਣ ਲਈ ਪਾਈਪਾਂ ਪਾ ਕੇ ਛੱਤ ਵਿੱਚ ਫੁਹਾਰੇ ਲਾਏ ਹਨ, ਮੁੱਖ ਸਟੇਜ ▾ਤੋਂ ਦਸ ਫੁੱਟ ਦੀ ਉਚਾਈ ਤੇ ਅੱਗੇ-ਪਿੱਛੇ ਚੱਲਣ ਵਾਲ਼ਾ ਪਲੇਟਫਾਰਮ ਹੈ, ਕੁਦਰਤੀ ਹਵਾ ਅਤੇ ਰੌਸ਼ਨੀ ਦਾ ਪ੍ਰਬੰਧ ਹੈ, ਛੱਤ ਦਾ ਇੱਕ ਹਿੱਸਾ ਕੰਟਰੋਲ ਰੂਮ ਚੋਂ ਬਟਨ ਦਬਾ ਕੇ ਖੋਲ੍ਹਿਆ ਜਾਂ ਬੰਦ ਕੀਤਾ ਜਾ ਸਕਦਾ ਹੈ। ਇੱਥੇ 225 ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਹੈ। ਆਵਾਜ਼ਾਂ ਨੂੰ ਮਿਸ਼ਰਤ ਕਰਨ ਲਈ ਅੱਠ ਚੈਨਲ ਦੀ ਆਵਾਜ਼-ਪ੍ਰਣਾਲ਼ੀ (ਸਾਊਂਡ ਸਿਸਟਮ) ਹੈ। ਇਸ ਨਾਟਸ਼ਾਲਾ ਵਿੱਚ ਨਾਟਕ ਖੇਡੇ ਜਾਂਦੇ ਹਨ, ਨਾਟਕਾਂ ਬਾਰੇ ਵਿਚਾਰ-ਮਸ਼ਵਰੇ ਕੀਤੇ ਜਾਂਦੇ ਹਨ, ਨਿਰਦੇਸ਼ਕਾਂ, ਨਾਟਕਕਾਰਾਂ, ਅਦਾਕਾਰਾਂ, ਤਕਨੀਕੀ ਮਾਹਿਰਾਂ, ਅਦਾਕਾਰਾਂ ਅਤੇ ਦਰਸ਼ਕਾਂ ਦਾ ਮੇਲ-ਜੋਲ ਹੁੰਦਾ ਹੈ। ਉਨ੍ਹਾਂ ਦੇ ਬੈਠਣ, ਰਹਿਣ, ਆਰਾਮ ਕਰਨ, ਖਾਣ-ਪੀਣ, ਵੇਸ਼-ਭੂਸ਼ਾ ਬਦਲਣ (ਮੇਕਅਪ ਕਰਨ) ਆਦਿ ਲਈ ਲੋੜੀਂਦੀਆਂ ਸਹੂਲਤਾਂ ਹਨ। ਅਸਲ ਵਿੱਚ ਇਹ ਨਾਟ-ਕਰਮੀਆਂ ਲਈ ਮੁਕੱਦਸ ਸਥਾਨ ਹੈ ਜਿੱਥੇ ਉਨ੍ਹਾਂ ਨੂੰ ਆਪਣੀ ਕਲਾ ਦੇ ਜ਼ੌਹਰ ਵਿਖਾਉਣ ਦੇ ਭਰਪੂਰ ਮੌਕੇ ਅਤੇ ਸਾਧਨ ਮੌਜੂਦ ਹਨ।ਜਤਿੰਦਰ ਬਰਾੜ ਨਿਪੁੰਨ ਇੰਜੀਨੀਅਰ, ਸਫਲ ਸਨਅਤਕਾਰ, ਕਾਬਲ ਨਾਟਕਕਾਰ, ਪਰਪੱਕ ਨਿਰਦੇਸ਼ਕ, ਸੁਯੋਗ ਪ੍ਰਬੰਧਕ, ਆਯੋਜਿਕ ਅਤੇ ਸਮਰੱਥ ਅਦਾਕਾਰ ਸੀ। ਉਸ ਨੇ ਆਪਣੇ ਜੀਵਨ ਦਾ ਮਨੋਰਥ ਪੂਰਾ ਕਰਨ ਅਤੇ ਆਪਣੀ ਕਲਾ-ਜਿਗਿਆਸਾ ਦੀ ਤ੍ਰਿਪਤੀ ਲਈ ਨਾਟਕ ਅਤੇ ਰੰਗਮੰਚ ਨੂੰ ਸਮਾਜਿਕ ਤਬਦੀਲੀ ਦਾ ਜ਼ਰੀਆ ਬਣਾਇਆ। ਨਾਟਕ ਦੀ ਪਟ-ਕਥਾ ਵਿਉਂਤਣੀ, ਨਾਟਕ ਦੀ ਰਚਨਾ ਕਰਨੀ, ਇਸ ਨੂੰ ਸੋਧਣਾ, ਮੰਚ ਤੇ ਪੇਸ਼ਕਾਰੀ ਕਰਨੀ, ਨਿਰਦੇਸ਼ਨ ਕਰਨਾ, ਪਾਤਰਾਂ ਨੂੰ ਥਾਂ-ਸਿਰ ਰੱਖਣਾ, ਦ੍ਰਿਸ਼ ਚਿਤਰਣਾ, ਖ਼ੁਦ ਅਦਾਕਾਰੀ ਕਰਨੀ, ਰੌਸ਼ਨੀ ਅਤੇ ਆਵਾਜ਼ ਦੀ ਸੁਘੜ ਵਰਤੋਂ ਨਾਲ਼ ਸੀਨ ਨੂੰ ਪ੍ਰਭਾਵਸ਼ਾਲੀ ਬਨਾਉਣਾ, ਦਰਸ਼ਕਾਂ ਨੂੰ ਨਾਲ਼ ਜੋੜੀ ਰੱਖਣਾ, ਨਿਗਰਾਨੀ ਰੱਖਣੀ, ਨਾਟਕ ਦੇ ਮਨੋਰਥ ਜਾਂ ਸੁਨੇਹੇ ਨੂੰ ਅਦਾਕਾਰੀ, ਉਪਕਰਣਾਂ ਅਤੇ ਸਮੱਗਰੀ ਦੀ ਸੁਯੋਗ ਵਰਤੋਂ ਨਾਲ਼ ਰੂਪਮਾਨ ਅਤੇ ਸਾਕਾਰ ਕਰਨਾ, ਇਹ ਸਾਰੇ ਗੁਣ ਜਤਿੰਦਰ ਬਰਾੜ ਨੂੰ ਉਚੇਰਾ ਸਥਾਨ ਪ੍ਰਦਾਨ ਕਰਦੇ ਹਨ। ਪਿਛਲੇ ਕੁਝ ਅਰਸੇ ਤੋਂ ਉਸ ਦੀ ਸਿਹਤ ਅਤੇ ਮਾਨਸਿਕ ਅਵਸਥਾ ਜ਼ਿਆਦਾ ਠੀਕ ਨਹੀਂ ਸੀ। ਉਸ ਨੂੰ ਬੀਤੇ ਦਾ ਬਹੁਤ ਕੁਝ ਯਾਦ ਨਹੀਂ ਰਿਹਾ ਸੀ। ਇਸ ਸਾਲ 24 ਜਨਵਰੀ, 2026 ਨੂੰ ਉਸ ਦੇ ਸਦੀਵੀ ਵਿਛੋੜੇ ਦੀ ਮਨਹੂਸ ਖ਼ਬਰ ਮਿਲੀ। ਲੱਗਿਆ ਇੱਕ ਸ਼ਾਨਦਾਰ ਪ੍ਰਾਪਤੀਆਂ ਦੇ ਯੁਗ ਦਾ ਅੰਤ ਹੋ ਗਿਆ। ਜਤਿੰਦਰ ਬਰਾੜ ਦੇ ਨਾਟਕ ਅਤੇ ਪੰਜਾਬ ਨਾਟਸ਼ਾਲਾ ਉਸ ਨੂੰ ਹਮੇਸ਼ਾ ਹਮੇਸ਼ਾ ਲਈ ਅਮਰ ਰੱਖਣਗੇ। ਉਸ ਦਾ ਸਮਾਜ ਵਿੱਚ ਤਬਦੀਲੀ ਲਿਆਉਣ ਦਾ ਸੁਨੇਹਾ ਉਸ ਦੀ ਸਿਰਜੀ ਨਾਟਸ਼ਾਲਾ ਰਾਹੀਂ ਆਉਣ ਵਾਲ਼ੇ ਸਮਿਆਂ ਵਿੱਚ ਲੋਕਾਂ ਤੱਕ ਅਪੜਦਾ ਰਹੇਗਾ।

ਇਸ ਵਿਸ਼ਵ ਰੰਗਮੰਚ ਦਿਵਸ ਦੇ ਮੌਕੇ ਪੰਜਾਬ ਨਾਟਸ਼ਾਲਾ ਵਿਖੇ ਪਹਿਲੀ ਵਾਰ ਉਸ ਦੀ ਗ਼ੈਰਹਾਜ਼ਰੀ ਵਿੱਚ ਮਨਾਏ ਜਾਣ ਵਾਲ਼ੇ ਪ੍ਰੋਗਰਾਮਾਂ ਵਿੱਚ ਮੈਂ ਇਸ ਲੇਖ ਰਾਹੀਂ ਆਪਣੇ ਪਿਆਰੇ ਦੋਸਤ ਜਤਿੰਦਰ ਬਰਾੜ ਨੂੰ ਅਕੀਦਾ ਪੇਸ਼ ਕਰਨ ਦਾ ਨਿਮਾਣਾ ਯਤਨ ਕਰ ਰਿਹਾ ਹਾਂ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS


ਗੱਲ ਤਾਂ ਪਰਦੇ ਦੀ ਹੀ ਹੈ !
TWC
TIMELESS WINDOW
COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਕਾਲ: 403 953 1000
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ ।
E Mail: Contact@twcoverings.com
Web: www.twcoverings.com
Timelesswindowcoverings